ਹਿਤ ਸਰੋਤ

ਫਰਵਰੀ 2004

ਜੱਦ ਤੱਕ ਕਿਸੇ ਮਨੁੱਖ ਦੇ ਆਤਮਾ ਵਿਚ ਕਿਸੇ ਉੱਚ ਜਾਂ ਸਾਤਵਿਕ ਭਾਵ ਦੀ
ਉਤਪਤੀ ਨਹੀਂ ਹੁੰਦੀ ਤੱਦ ਤੱਕ ਉਹ ਕੇਵਲ ਇਹੋ ਨਹੀਂ ਕਿ ਕੋਈ ਹਿਤ
ਉਤਪਾਦਕ ਗਤੀ ਗ੍ਰਹਿਣ ਕਰਕੇ ਉੱਚ ਨਹੀਂ ਬਣਦਾ, ਸਗੋਂ ਉਸ ਦੇ
ਵਿਰੁੱਧ ਆਪਣੇ ਇਕ ਜਾਂ ਦੂਜੇ ਸੰਬੰਧ ਵਿੱਚ ਪਤਨਕਾਰੀ ਭਾਵਾਂ
ਦੇ ਨਾਲ ਪ੍ਰੇਰਿਤ ਹੋ ਕੇ ਆਪਣੀ ਅਤੇ ਦੂਜਿਆਂ ਦੀ ਬਹੁਤ
ਵੱਡੀ ਹਾਨੀ ਕਰਦਾ ਹੈ ਅਤੇ ਆਪਣੇ
ਆਤਮਾ ਨੂੰ ਪਤਿੱਤ ਕਰਦਾ ਹੈ।

—ਦੇਵ ਆਤਮਾ

ਮਾਂ ਦੀ ਯਾਦ

ਸੁੱਨ੍ਹਾਂ ਹੋਇਆ ਕੁੱਲ ਸੰਸਾਰ ਮੈਨੂੰ,
ਹੋਈ ਸਖੱਣੀ ਪਿਆਰ ਦੀ ਥਾਂ ਮੇਰੀ
ਜਿਹੜੀ ਸ਼ਾਖ ਤੇ ਨਾਚੀਜ਼ ਦਾ ਆਲ੍ਹਣਾ ਸੀ
ਝੁੱਲਾ ਝੱਖੜ ਤੇ ਟੁੱਟ ਗਈ ਡਾਲ ਮੇਰੀ।
ਨ੍ਹੇਰ ਪਰਤਿਆ ਅੱਜ ਜਹਾਨ ਮੇਰੇ,
ਦਿਸਦੀ ਕਿਤੇ ਨਾ ਅਸਲ ਮੇਹਰਬਾਨ ਮੇਰੀ।
ਨਾਲ ਹੁੱਬ ਦੇ ਜਿਹਨੂੰ ਪੁਕਾਰਦਾ ਸਾਂ,
ਹਾਏ ਮੁੱਕ ਗਈ ਅੱਜ ਉਹ ਮਾਂ ਮੇਰੀ।
ਤੇਰੀ ਦੀਦ ਦਾ ਚੰਦ ਅਲੋਪ ਹੋਇਆ,
ਮੂਰਤ ਛੁਪ ਗਈ ਜੱਗ ਤੋਂ ਮਾਂ ਤੇਰੀ।
ਜੇੜੀ ਛੱਤਰ ਥੱਲੇ ਮੌਜਾਂ ਮਾਣੀਆਂ ਮੈਂ,
ਕਜ਼ਾ ਲੈ ਗਈ ਚੁੱਕ ਕੇ ਛਾਂ ਮੇਰੀ।
ਮੇਰੀ ਜਿੰਦ ਦਾ ਚਮਨ ਵੀਰਾਨ ਹੋਇਆ,
ਗਈ ਬਹਾਰ ਤੇ ਆਈ ਖਿਜ਼ਾਂ ਮੇਰੀ।
ਵਾਂਘ ਸੁਅਰਗ ਦੇ ਸਿਰਾਂ ਦੇ ਝੂਲਦੀ ਸੈਂ,
ਰਲੀ ਰਾਖ ਉਹ ਸੂਰਤ ਮਹਾਨ ਤੇਰੀ।
ਹੋਈ ਫਨ੍ਹਾਂ ਤੂੰ ਜਿਗਰ ਦੇ ਟੋਟਿਆਂ ਤੇ,
ਪਿੰਜੀ ਰੂੰ ਦੇ ਵਾਂਗਰਾਂ ਜਾਨ ਤੇਰੀ।
ਸਦਾ ਹਿੱਤਾਂ ਦਾ ਰਿਹਾ ਸਰੋਤ ਵਗਦਾ,
ਮੁੱਕੀ ਜਦ ਤੱਕ ਨਾ ਜਿਸਮ ਚੋਂ ਜਾਨ ਤੇਰੀ।
ਮੇਹਿਰਮ ਰਿਹਾ ਨ ਕੋਈ ਜੱਗ ਅੰਦਰ,
ਖੁੱਟੀ ਬਰਕਤਾਂ ਭਰੀ ਜਦੋਂ ਖਾਨ ਮੇਰੀ।
ਤੈਨੂੰ ਭੁਲ ਨਾ ਸਕੇ ਵਜੂਦ ਮੇਰਾ,
ਗਾਂਦੀ ਥੱਕੇ ਨ ਕੀਰਤੀ ਇਹ ਜ਼ਬਾਨ ਮੇਰੀ।
ਰੋਮ ਰੋਮ ਮੇਰਾ ਹੈ ਕਰਜ਼ਦਾਰ ਤੇਰਾ,
ਕੁਲ ਜਿੰਦਗੀ ਇਹ ਹੈ ਦਾਨ ਤੇਰੀ।
ਤੇਰਾ ਬਨਾਇਆ ਹੀ ਮਾਤਾ ਸੰਵਰਿਆ ਮੈਂ,
ਜੋ ਕੁਝ ਭੀ ਹੈ ਸਭ ਹੈ ਦਾਤ ਤੇਰੀ।
ਤੇਰੀ ਸਿਕ ਦਾ ਰਹੇ ਚਰਾਗ ਬਲਦਾ,
ਰੋਸ਼ਣ ਰੂਹ ਦੇ ਵਿੱਚ ਰਹੇ ਸ਼ਾਨ ਤੇਰੀ।
ਅਸੀਸ ਤੇਰੀ ਦਾ ਰਹੇ ਦਰਿਆ ਵਹਿੰਦਾ,
ਮਡਲਾਂਦੀ ਸਿਰਾਂ ਤੇ ਰਹੇ ਦੁਆ ਤੇਰੀ।

(ਇਕ ਪੁੱਤਰ)

ਹਿਤ ਸਰੋਤ

ਖੰਡ-17 ਫਰਵਰੀ 2004 **ਸੰਪਾਦਕ :**

ਅੰਕ -2 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਮਾਂ ਦੀ ਛਾਂ

"ਮਾਵਾਂ ਮਾਵਾਂ ਮਾਵਾਂ, ਮਾਂ ਜਨੰਤ ਦਾ ਪਰਛਾਂਵਾ, ਜਿਸ ਤੋਂ ਲੈ ਕੇ ਛਾਂ ਉਧਾਰੀ ਰੱਬ ਨੇ ਸੁਰਗ ਬਣਾਏ" ਇਤਨਾ ਸੁੰਦਰ ਲਿਖਿਆ ਹੈ ਕਵੀ ਨੇ, ਮਾਂ ਦੀ ਛਾਂ ਬਿਨਾਂ ਸੁਰਗ ਵੀ ਨਿਕੰਮਾ ਹੋ ਜਾਂਦਾ ਹੈ।

ਮਾਂ ਇਨਸਾਨ ਲਈ ਵਿਸ਼ੇਸ਼ ਕਰਕੇ ਤੇ ਹੋਰ ਜੀਵਾਂ ਲਈ ਆਮ ਕਰਕੇ, ਬਰਕਤਾਂ ਦੀ ਖਾਣ ਹੁੰਦੀ ਹੈ। ਹਿੱਤਾਂ ਦੀ ਝੜੀ ਹੁੰਦੀ ਹੈ, ਮੇਹਰਾਂ ਦੀ ਅਥਾਹ ਘਟਾ ਹੁੰਦੀ ਹੈ। ਮਾਂ ਦੀ ਹੋਂਦ, ਸਦਾ ਸੁਖਾਂ ਦਾ ਸਰੋਤ ਹੁੰਦੀ ਹੈ। ਗੋਦ ਦਾ ਨਿੱਘ ਸੰਸਾਰ ਦੇ ਹੋਰ ਸਭਨਾਂ ਨਿੱਘਾਂ ਨੂੰ ਮਾਤ ਪਾ ਦਿੰਦਾ ਹੈ।

ਮਾਂ ਦੀ ਗੋਦ ਵਿੱਚ ਹੀ ਮਨੁੱਖਤਾ ਦਾ ਨਿਰਮਾਣ ਹੁੰਦਾ ਹੈ। ਮਾਂ ਦਾ ਰੂਪ ਹੀ ਮਨੁੱਖਤਾ ਦਾ ਨਵਾਂ ਰੂਪ ਸਿਰਜਦਾ ਹੈ। ਮਾਂ ਜੇਡੀ ਬਖਸ਼ਿਸ਼, ਕੁਦਰਤ ਵਿੱਚ ਹੋਰ ਕਲਪਨੀ ਔਖੀ ਹੈ।

ਏਡੀ ਵਡਮੁੱਲੀ ਸੁਗਾਤ ਮਨੁੱਖ ਨੂੰ ਬਿਨ ਮੰਗਿਆ ਹੀ ਮਿਲ ਜਾਂਦੀ ਹੈ ਤੇ ਮਨੁੱਖ ਉਸਦੀਆਂ ਬਰਕਤਾਂ ਤੇ ਨੇਅਮਤਾਂ ਤੋਂ ਸ਼ਰਸ਼ਾਰ ਤਾਂ ਸੂਰਜ, ਹਵਾ, ਪਾਣੀ ਵਾਂਗ ਸਦਾ ਹੁੰਦਾ ਹੀ ਰਹਿੰਦਾ ਹੈ, ਪਰ ਜਿਵੇਂ ਮਨੁੱਖ ਨੂੰ ਸੂਰਜ, ਪਾਣੀ ਤੇ ਹਵਾ ਦੀ ਕੋਈ ਖਾਸ ਕਦਰ ਨਹੀਂ ਹੁੰਦੀ, ਉਵੇਂ ਮੁਫਤ ਚ ਮਿਲੀ ਮਾਂ ਦੀ ਵੀ ਆਮ ਕਰਕੇ ਮਨੁੱਖ ਨੂੰ ਕੋਈ ਕਦਰ ਨਹੀਂ ਹੁੰਦੀ। ਇਸ ਲਈ ਬੇਕਦਰੇ ਮਨੁੱਖ ਹੱਥੋਂ, ਥਾਂ ਥਾਂ ਮਾਂਵਾਂ ਦਾ ਅਨਾਦਰ, ਮਾਵਾਂ ਤੇ ਅਨਿਆਂ, ਸਿਤਮ ਦੇ ਜ਼ੁਲਮ ਦੇ ਦ੍ਰਿਸ਼ ਵੇਖਣ ਵਿੱਚ ਆਉਂਦੇ ਹਨ।

ਜਦੋਂ ਮਾਂ ਦੀ ਕੁੱਖੋਂ ਜਾਇਆ, ਮਾਂ ਦੇ ਦੁੱਧਾਂ ਤੇ ਪਲਿਆ, ਮਾਂ ਦੀਆਂ ਲੋਰੀਆਂ ਚ ਸੁੱਤਾ, ਤੇ ਮਾਂ ਦਾ ਹੀ ਸਾਜਿਆ ਨਵਾਜਿਆ ਮਨੁੱਖ ਮਾਂ ਨੂੰ ਹੀ ਵਿਸਾਰ ਦਿੰਦਾ ਹੈ, ਉਸ ਨੂੰ ਕਿਸੇ ਖਾਤਰ ਚ ਨਹੀਂ ਲਿਆਉਂਦਾ, ਉਸ ਦੀਆਂ ਲੋੜਾਂ, ਦੁਖ ਸੁਖ ਤੋਂ ਬੇਨਿਆਜ਼ ਹੋ ਜਾਂਦਾ ਹੈ। ਇੱਥੇ ਹੀ ਬਸ ਨਹੀਂ, ਆਪਣੇ ਸਵਾਰਥ ਸੁੱਖ ਨਾਲ ਅੰਨਾ ਹੋ ਮਾਂ ਦੇ ਸੁੱਖ ਚੈਨ ਨੂੰ ਲੁੱਟ ਖਸੁੱਟ ਲੈਂਦਾ ਹੈ, ਮਾਂ ਨਾਲ ਖਰ੍ਹਵਾ ਹੋ ਵਰਤਦਾ ਹੈ। ਮਾਵਾਂ ਤੇ ਹੱਥ ਚੁੱਕ ਵਾਰ ਕਰਦਾ ਹੈ ਜਾਂ ਮੂੰਹੋਂ ਅੱਗ ਸੁੱਟਦਾ ਹੈ ਤਾਂ ਇਸ ਧਰਤੀ ਤੇ ਸਭ ਤੋਂ ਘਿਨੌਣਾ ਸੀਨ ਜਨਮ ਲੈਂਦਾ ਹੈ। ਸਵਰਗਾਂ ਭਰੇ ਮਿੱਠੇ ਸੰਬੰਧ ਦੀ ਮਹਿਕ ਵਿੱਚ ਭੁਚਾਲ ਆ ਜਾਂਦਾ ਹੈ। ਬਰਬਰਤਾ, ਕ੍ਰਿਤਘਨਤਾ, ਨਿਰਲੱਜਤਾ ਤੇ ਨਿਰਦੈਤਾ ਦੇ ਭੂਤਨੇ ਨੰਗਾ ਨਾਚ ਨੱਚਣ ਲੱਗਦੇ ਹਨ। ਇਨ੍ਹਾਂ ਭੂਤਨਿਆਂ ਦੀ ਹੋਂਦ ਸੁਰਗਾਂ ਨੂੰ ਵੀ ਕੁੰਭੀ ਨਰਕ ਵਿਚ ਬਦਲ ਦਿੰਦੀ ਹੈ।

ਜਿਉਂ ਜਿਉਂ ਮਨੁੱਖਤਾ ਮਾਂ ਦੇ ਮਹਾਨ ਰੂਪ ਦੀ ਸੋਝੀ ਪਾਉਂਦੀ ਜਾਵੇਗੀ, ਤਿਉਂ ਤਿਉਂ ਮਨੁੱਖ ਸਭਿਅਤਾ ਦੀ ਪੌੜੀ ਚੜ੍ਹਦਾ ਜਾਵੇਗਾ। ਸੰਸਾਰ ਦਾ ਨਰਕ ਘਟਦਾ ਜਾਵੇਗਾ। ਮਨੁੱਖ ਸੁਖ ਤੇ ਸੱਚੇ ਸਵਰਗ ਦਾ ਵਾਰਸ ਬਣਦਾ ਜਾਵੇਗਾ।

ਮਾਂ ਨਾਲ ਅਣ ਬਣ ਆਪਣੇ ਹੀ ਸਰੋਤ ਨਾਲ ਅਣਬਣ ਹੈ। ਮਾਂ ਨਾਲ ਦੂਰੀ ਆਪਣੇ ਹੀ ਕਰਤਾ ਨਾਲ ਦੂਰੀ ਹੈ। ਮਾਂ ਨਾਲ ਝਗੜਾ ਆਪਣੀ ਹੀ ਰਚੈਤਾ ਨਾਲ ਝਗੜਾ ਹੈ। ਮਾਂ ਨੂੰ ਦੁੱਖ, ਕਸ਼ਟ ਤੇ ਹਾਨੀ ਪਹੁੰਚਾਉਣਾ ਆਪਣੀ ਹਸਤੀ ਦੀ ਸਿਰਜਨ-ਹਾਰ ਨੂੰ

ਆਪਣੇ ਵਜੂਦ ਦੇ ਸਰੋਤ ਨੂੰ ਭੱਠੀ ਚਾੜ੍ਹਣਾ ਹੈ। ਮਾਂ ਦਾ ਵਿਰੋਧ ਸਿਵਲ ਵਾਰ ਵਾਂਗ ਆਪਣੇ ਦਾ ਅਪਣਿਆਂ ਨਾਲ ਵਿਰੋਧ ਹੁੰਦਾ ਹੈ। ਆਪੇ ਦਾ ਆਪਣੇ ਮੁੱਢ ਨਾਲ ਅਜੋੜ ਹੈ। ਇਹ ਕਦੇ ਉਚਿਤ ਤੇ ਸੁਖਾਵਾਂ ਨਹੀਂ ਹੋ ਸਕਦਾ। ਮਾਂ ਦਾ ਦੋਖੀ ਆਪ ਕਦੇ ਸੁਖੀ ਨਹੀਂ ਹੋ ਸਕਦਾ। ਮਾਂ ਦੇ ਸੱਚੇ ਡੂੰਘੇ ਸਤਿਕਾਰ ਤੇ ਮਾਂ ਦੀ ਪੂਜਾ ਭਰੀ ਸੇਵਾ ਵਿੱਚੋਂ ਸਵਰਗੀ ਸੁਖਾਂ ਦਾ ਸਰੋਤ ਫੁੱਟਦਾ ਹੈ।

ਇਕ ਕਾਲਜੀਏਟ ਨੇ ਵਿਧਵਾ ਮਾਂ ਤੋਂ ਬੂਟ ਲਈ ਰੁਪਏ ਮੰਗੇ। ਉਸਨੇ ਵਿੱਤ ਅਨੁਸਾਰ ਵੱਧ ਤੋਂ ਵੱਧ ਦੇ ਦਿੱਤੇ। ਕਾਲਜੀਏਟ ਨੂੰ ਥੋੜੇ ਲੱਗੇ, ਉਸ ਹੋਰ ਮੰਗੇ, ਮਾਂ ਨੇ ਅਸਮਰਥਤਾ ਪਰਗਟ ਕਰ ਦਿੱਤੀ। ਪੁਤ ਪਾਗਲ ਹੋ ਉਠਿਆ। ਮਾਂ ਦੀ ਛਾਤੀ ਤੇ ਬੈਠ ਖਲਪਾੜਾਂ ਮਾਰ ਮਾਰ ਉਸਦੀ ਬਾਂਹ ਤੋੜ ਦਿੱਤੀ।

ਇਕ ਮੈਜਿਸਟਰੇਟ ਪਿਤਾ ਨੇ ਆਪਣੇ ਪੁੱਤਰ ਨੂੰ ਅਵਾਰਾਗਰਦੀ ਲਈ ਟੋਕਿਆ, ਉਸਨੂੰ ਬੁਰਾ ਲੱਗਿਆ ਉਸ ਮੂੰਹ ਸੁਜਾ ਲਿਆ। ਪਿਤਾ ਨੇ ਰਾਤ ਦਾ ਖਾਣਾ ਨਾਲ ਖੁਆਇਆ ਅਤੇ ਵਧੀਆਂ ਅੰਬ ਤੇਂ ਦੁੱਧ ਵੀ ਖਵਾਏ ਪਿਆਏ। ਪਰੰਤੂ ਪੁਤਰ ਨੇ ਰਾਤ ਨੂੰ ਪਿਤਾ ਨੂੰ ਗੋਲੀ ਮਾਰ ਹਲਾਕ ਕਰ ਦਿੱਤਾ।

ਇਕ ਮਾਂ ਨੇ ਆਪਣੇ ਪੁੱਤਰ ਦੇ ਲੰਬੇ ਲੰਬੇ ਵਾਲਾਂ ਪ੍ਰਤੀ ਆਪਣੀ ਨਾਪਸੰਦਗੀ ਪਰਗਟ ਕੀਤੀ, ਪੁੱਤਰ ਨੇ ਪਿਸਤੌਲ ਨਾਲ ਮਾਂ ਨੂੰ ਖ਼ਤਮ ਕਰ ਦਿੱਤਾ।

ਇਕ ਚੋਬਰ ਨੂੰ ਉਸਦੀ ਮਾਂ ਨੇ ਕੱਤੇ ਦੀ ਪ੍ਰੱਸਿਧ ਬੀਮਾਰੀ ਵਿੱਚ, ਆਪਣੇ ਭਰਾ ਦੇ ਸੰਗ ਤੋਰ ਦਿੱਤਾ ਤੇ ਪਿਛੋਂ ਇਕੱਲੀ ਮਾਂ ਭੁੱਖੀ ਤਿਹਾਈ ਅਸ਼ਾਂਤ, ਤੜਪ ਤੜਪ ਕੇ ਖਤਮ ਹੋ ਗਈ।

ਤਿੰਨ ਭਰਾਂਵਾਂ ਨੇ, ਜਿਨ੍ਹਾਂ ਚੋਂ ਇਕ ਵਿਆਹਿਆ ਹੋਇਆ ਸੀ, ਮਾਂ ਤੇ ਵਹੁਟੀ ਦੀ ਟਕਰਾਹਟ ਖ਼ਤਮ ਕਰਨ ਲਈ, ਵਹੁਟੀ ਨੂੰ ਭਾਈ ਨਾਲ ਪੇਕੇ ਤੋਰ ਦਿੱਤਾ ਤੇ ਆਪ ਸਾਰੇ ਬੁਢੀ ਬੀਮਾਰਮਾਂ ਨੂੰ ਘਰ ਵਿਚ ਬੰਦ ਕਰਕੇ ਮਰਨ ਲਈ ਪਿੱਛੇ ਛੱਡ ਕੇ, ਚੁੱਪਚਾਪ ਖਿਸਕ ਗਏ।

ਅਖਾਣ ਹੈ ਕਿ ਜੱਟ ਦੀ ਮਾਂ ਜੇ ਕੱਤੇ ਦੇ ਮਹੀਨੇ ਮਰ ਜਾਏ ਤਾਂ ਉਹ ਬਿਜਾਈ ਪਹਿਲਾਂ ਕਰਦਾ ਹੈ ਤਾਂ ਫੇਰ ਫੁਰਸਤ ਮਿਲਣ ਤੇ ਹੀ ਮਾਂ ਨੂੰ ਫੂਕਦਾ ਹੈ।

ਪਤਨੀ ਦਾ ਅਨੁਚਿਤ ਪੱਖ, ਮਾਂਵਾਂ ਦੇ ਦੁੱਖ ਦਾ, ਉਨ੍ਹਾਂ ਦੀ ਬੇਪਤੀ ਦਾ, ਉਹਨਾ ਦੇ ਢੇਰ ਅਨਾਦਰ ਤੇ ਸੰਤਾਪ ਦਾ ਕਾਰਨ, ਘਰ ਘਰ ਹੁੰਦਾ ਹੈ।

ਜਨਮ ਦਾਤਾ, ਪਾਲਣ ਕਰਤਾ, ਰੱਖਿਆ ਕਰਤਾ ਘਰ ਦੀ ਮਹਾਂਰਾਣੀ ਨੂੰ, ਪੁੱਤਾਂ, ਨੂੰਹਾਂ ਵੱਲੋਂ ਨੌਕਰਾਂ ਤੋਂ ਵੀ ਘੱਟ ਸਤਿਕਾਰ ਮਿਲਦਾ ਹੈ। ਉਸਦੀ ਤਰਸਯੋਗ ਹਾਲਤ ਉਤੇ ਮਨ ਭਰ ਭਰ ਆਉਂਦਾ ਹੈ, ਐਪਰ ਆਦਰ ਹੀਣੇਂ ਤੇ ਅਕ੍ਰਿਤਘਣ ਪੁੱਤਰਾਂ ਨੂੰ ਇਹ ਸਭੇ ਕੁਝ ਉਚਿਤ ਹੀ ਲੱਗਦਾ ਹੈ। ਜਦੋਂ ਪੁੱਤਾਂ ਨੂੰਹਾਂ ਵਲੋਂ ਨਿਰਾਦਰ ਘਰ ਦੀ ਮਲਿਕਾ ਨੂੰ ਝਿੜਕ ਝੰਬ ਕੇ ਹੁੰਦਾ ਹੈ ਤਾਂ ਉਸ ਦੀ ਜਬਾਨ ਬੰਦ ਹੋ ਜਾਂਦੀ ਹੈ ਤੇ ਉਸਦੀ ਸਖਸ਼ੀਅਤ ਸੁਕੜ ਕੇ ਹੱਡੀਆਂ ਦੀ ਮੁੱਠ ਰਹਿ ਜਾਂਦੀ ਹੈ। ਗੀਝਾਂ ਉੱਡ ਪੁੱਡ ਜਾਂਦੀਆਂ ਹਨ ਤੇ ਆਹਾਂ ਦਾ ਡੇਰਾ ਲੱਗ ਜਾਂਦਾ ਹੈ।

ਇੱਕ ਵਾਰ ਮੈਂ ਇਕ ਡਾਕਟਰ ਕਰਨਲ ਦੀ ਮਾਂ ਨੂੰ ਉਸਦੀ ਕਈ ਏਕੜਾਂ ਵਿੱਚ ਫੈਲੀ ਕੋਠੀ ਵਿੱਚ ਮਿਲਣ ਗਿਆ। ਭਾਲ ਭਾਲ ਕੇ ਮੈਨੂੰ ਉਹ ਨੌਕਰਾਂ ਦੀਆਂ ਕੋਠੜੀਆਂ ਚੋਂ ਇੱਕ ਕੋਠੜੀ ਵਿੱਚ ਕਲਮ ਕੱਲੀ ਮਿਲੀ। ਉਹ ਬਹੁਤ ਛੋਟੀ ਜੇਹੀ ਅੰਗੀਠੀ ਉਤੇ ਆਪਣੀ ਰਸੋਈ ਵੀ ਆਪ ਬਣਾ ਰਹੀ ਸੀ। ਇਹ ਦ੍ਰਿਸ਼ ਮੇਰੇ ਦਿਲ ਤੇ ਡੂੰਘੀ ਛਾਪ ਪਾ ਗਿਆ। ਮਨੁੱਖ ਮਾਂ ਦੇ ਸੁਖ ਤੇ ਸਤਿਕਾਰ ਵੱਲੋਂ ਏਨ੍ਹਾ ਅਵੇਸਲਾ ਵੀ ਹੋ ਸਕਦਾ ਹੈ।

ਇੱਕ ਅੱਠਾਂ ਦਸਾਂ ਬੱਚਿਆਂ ਦੀ ਮਾਂ ਨੂੰ ਜੋ ਬੀਮਾਰ ਪਈ ਸੀ, ਮੈਂ ਮਿਲਣ ਗਿਆ। ਉਸ ਰੋ ਰੋ ਕੇ ਮੈਨੂੰ ਦੱਸਿਆ ਕਿ ਮੈਂ ਚੰਗੇਰ ਭਰ ਕੇ ਪੁੱਤ ਜੰਮੇਂ ਐਪਰ ਅੱਜ ਕਿਸੇ ਨੂੰ ਵੀ ਮੇਰੇ ਲਈ ਵਿਹਲ ਨਹੀਂ ਹੈ।

ਬਰਬਰਤਾ ਦੀ ਇੱਥੇ ਹੀ ਬੱਸ ਨਹੀਂ, ਅੰਨੇ ਨਾ ਸ਼ੁਕਰੇ ਬੱਚੇ ਮਾਂਵਾ ਨੂੰ ਵਾਲਾ ਤੋਂ ਫੜ ਘੜੀਸਦੇ ਨੇ, ਉਨ੍ਹਾਂ ਤੇ ਕਟੂ ਬਚਨਾਂ ਦੀ ਡਾਢੀ ਚੀਰਵੀਂ ਬਰਖਾ ਕਰਦੇ ਹਨ, ਕਈ ਤਾਂ ਅਤਿ ਨਿਕੰਮੇ ਮਾਵਾਂ ਤੇ ਹੱਥ

ਵੀ ਚੁੱਕ ਲੈਂਦੇ ਹਨ। ਮਾਵਾਂ ਨੂੰ ਨੰਗੇ, ਭੁੱਖੇ ਮਾਰਨ ਵਾਲਿਆ ਦੀ ਗਿਣਤੀ ਕੋਈ ਘੱਟ ਨਹੀਂ।

ਵਿਧਵਾ ਮਾਂ ਦੀ ਜੋੜੀ ਹਜਾਰਾਂ ਦੀ ਰਕਮ ਤੇ ਕਬਜਾ ਕਰਕੇ ਉਸ ਲਈ ਕਦੇ ਚਾਰ ਗਜ਼ ਖੱਦਰ ਦੇ ਕਫਨ ਦਾ ਖਰਚਾ ਵੀ ਸਹਾਰ ਨਹੀਂ ਸਕਦੇ। ਬਹੁਤਿਆਂ ਪਾਸ ਮਾਂ ਦੀ ਮੌਤ ਉਤੇ ਹਫਤਾ ਦੋ ਹਫਤੇ ਸੋਗ ਕਰਨ ਦੀ ਵੀ ਫ਼ੁਰਸਤ ਨਹੀਂ ਹੁੰਦੀ। ਮਾਵਾਂ ਦੇ ਅਨਾਦਰ, ਅਨਿਆਂ ਦੁੱਖ ਤੇ ਪੀੜਾ ਦੇ ਭੈੜੇ ਤੋਂ ਭੈੜੇ ਦੁਖਾਂਤ ਨਾਲ ਸੰਸਾਰ ਭਰਿਆ ਪਿਆ ਹੈ।

ਜਿਵੇਂ ਮੂਰਖ ਮੁਫਤੀ ਹੱਥ ਲੱਗੇ ਮੋਤੀਆਂ ਨੂੰ ਰੇਤ ਵਿੱਚ ਰੋਲਦਾ ਹੈ, ਉਵੇਂ ਸਤਿਕਾਰ ਵਹੀਨੇ ਹਿਰਦੇ, ਮਲਿਕਾ ਦਾ ਰੁਤਬਾ ਰੱਖਣ ਵਾਲੀ ਮਾਂ ਨੂੰ ਅਨਾਦਰ ਨਾਲ ਰੋਲ ਰੋਲ ਕੇ ਮਾਰ ਦਿੰਦੇ ਹਨ।

ਜਿੱਥੇ ਮਾਂ ਦਾ ਸਤਿਕਾਰ ਨਹੀ, ਮਾਂ ਲਈ ਗਹਿਰਾ ਸਨਮਾਨ ਨਹੀਂ, ਮਾਂ ਲਈ ਕਿਸੇ ਸੁੱਖ ਸਵਾਦ ਦਾ ਤਿਆਗ ਨਹੀਂ, ਮਾਂ ਦੀ ਕੋਈ ਰੀਝਾਂ ਭਰੀ ਸੇਵਾ ਨਹੀਂ, ਉਥੇ ਧਰਮ ਤਾਂ ਕਿੱਥੇ, ਉਥੇ ਤਾਂ ਸਾਧਾਰਨ ਸਭਿਅਤਾ ਵੀ ਨਹੀਂ ਹੁੰਦੀ। ਸੰਸਾਰ ਨੂੰ ਸੱਚੀ ਸਭਿੱਅਤਾ ਦਾ ਮੂੰਹ ਵੇਖਣ ਲਈ ਮਾਂ ਦਾ ਸਤਿਕਾਰ ਤੇ ਪੂਜਾ ਸਿਖਣੀ ਹੋਵੇਗੀ, ਨਹੀਂ ਤਾਂ ਮਨੁੱਖ ਉਤਨੀ ਦੇਰ ਅਸਭਿੱਅ ਹੀ ਰਹੇਗਾ। ਹਿਰਦੇ ਦੀਆਂ ਉੱਚ ਭਾਵਨਾਵਾਂ ਨਾਲ ਹੀ ਮਾਂ ਦਾ ਰੂਪ ਦਿਸਦਾ ਹੈ ਤੇ ਉਸ ਲਈ ਸਤਿਕਾਰ ਹੋ ਸਕਦਾ ਹੈ। ਉੱਚ ਭਾਵਾਂ ਦੀ ਹੋਂਦ ਤੋਂ ਸੱਖਣਾ, ਕੁੱਝ ਕਾਂ ਕੋਈ ਸ਼ਬਦਾਂ ਦੇ ਖੰਭ ਲਾਕੇ, ਮੋਰ ਨਹੀਂ ਬਣ ਸਕਦਾ।

ਮਾਂ ਦੇ ਲਈ ਸਨਮਾਨ ਭਰਿਆ ਹਿਰਦਾ ਹੀ ਮਾਂ ਨੂੰ ਗੁਣਾਂ ਦੀ ਖਾਨ ਵੇਖ ਸਕਦਾ ਹੈ। ਸਨਮਾਨ ਭਾਵ ਤੋਂ ਖਾਲੀ ਹਿਰਦੇ ਨੂੰ ਮਾਂ ਭੂਤਨੀ ਤਾਂ ਦਿਸ ਸਕਦੀ ਹੈ, ਪਰ ਉਸਦੇ ਰਹਿਮਤ ਦੇ ਫਰਿਸ਼ਤਾ ਰੂਪ ਦੇ ਉਹ ਦਰਸ਼ਨ ਨਹੀਂ ਕਰ ਸਕਦਾ ਤੇ ਨਾ ਹੀ ਉਹ ਕੋਈ ਆਪਣੇ ਸਤਿਕਾਰ ਦੇ ਪ੍ਰਗਟਾ ਵਿਚ ਕੋਈ ਸੱਚਾ ਇਜ਼ਹਾਰ ਕਰ ਸਕਦਾ ਹੈ ਤੇ ਨਾ ਹੀ ਉਸਦੀਆਂ ਅਦਾਵਾਂ ਤੇ ਬੋਲ, ਸਵਰਗਾਂ ਦਾ ਹੁਲਾਰਾ ਦੇ ਸਕਦੇ ਹਨ।

ਮਾਂ ਦੀ ਪੂਜਾ ਲਈ ਸਾਡੇ ਹਿਰਦੇ ਦੀ ਝੋਲ ਸ਼ੁਕਰਾਨੇ ਨਾਲ ਲਬਾਲਬ ਭਰੀ ਹੋਣੀ ਚਾਹੀਦੀ ਹੈ। ਮਾਂ ਨੇ ਜੋ ਹਿਤਾਂ ਦਾ, ਰਹਿਮਤਾਂ ਦਾ, ਉਪਕਾਰਾਂ ਦਾ ਮੀਂਹ ਪਾਇਆ ਹੁੰਦਾ ਹੈ, ਉਸਨੂੰ ਅਸੀਂ ਤਾਂ ਹੀ ਵੇਖ ਤੇ ਮਹਿਸੂਸ ਕਰ ਸਕਦੇ ਹਾਂ। ਮਾਂ ਦੀਆਂ ਮਿਹਰਾਂ ਦੇ ਕਰਜ਼ੇ ਦਾ ਭਾਰ ਤਾਂ ਹੀ ਮਹਿਸੂਸ ਹੋ ਸਕਦਾ ਹੈ, ਤਾਂ ਹੀ ਅਸੀਂ ਉਸ ਕਰਜ਼ੇ ਦੇ ਭਾਰ ਨੂੰ ਹਲਕਾ ਕਰਨ ਦਾ ਸੁਭਾਗ ਪ੍ਰਾਪਤ ਕਰ ਸਕਦੇ ਹਾਂ। ਨਾ ਸ਼ੁਕਰੇ ਪੁੱਤਾਂ ਨੂੰ ਕਈ ਮਾਂਵਾ ਦੇ ਵਗ੍ਹਾਏ ਹਿੱਤਾ ਦੇ ਦਰਿਆ ਨਜ਼ਰ ਨਹੀਂ ਆ ਸਕਦੇ। ਇਹ ਕੋਈ ਲਿੰਕਨ ਵਰਗਾ ਫਰਿਸ਼ਤਾ ਹੀ ਮਹਿਸੂਸ ਕਰ ਸਕਦਾ ਹੈ, ਜਿਸ ਨੇ ਇਨ੍ਹਾਂ ਇਤਿਹਾਸਕ ਤੇ ਸੁਨਿਹਰੀ ਸ਼ਬਦਾਂ ਦੀ ਰਚਨਾ ਕੀਤੀ ਸੀ "ਮੈਂ ਜੋ ਕੁਝ ਵੀ ਹਾਂ, ਅਤੇ ਅਗੋਂ ਜੋ ਕੁਝ ਬਣਨ ਦੀ ਆਸ ਰੱਖਦਾ ਹਾਂ, ਉਸ ਸਭ ਕੁਝ ਦਾ ਸ਼ਿਰੇ ਮੇਰੀ ਮਾਂ ਤੇ ਹੈ।"

ਨਿਰਦਈ ਤੇ ਨਾਂ ਸ਼ੁਕਰਾ ਪੁੱਤਰ ਇਕ ਸੱਪ ਜਾਂ ਭੇੜੀਆ ਹੀ ਹੁੰਦਾ ਹੈ। ਉਹ ਹਿੰਸਕ ਹੋਕੇ ਮਾਂ ਨੂੰ ਕੋਸਦਾ ਹੈ। ਮਾਵਾਂ ਅਜਿਹੇ ਪੁੱਤਾਂ, ਧੀਆਂ ਦੀ ਹਿੰਸਾ ਦਾ ਸ਼ਿਕਾਰ ਬਣ ਜਾਂਦੀਆਂ ਹਨ। ਦਯਾ ਬਿਨਾਂ ਮਨੁੱਖ ਹੈਵਾਨ ਹੋ ਜਾਂਦਾ ਹੈ। ਜਿਸ ਸੰਤਾਨ ਨੂੰ ਮਾਵਾਂ ਪ੍ਰਤੀ ਵੀ ਦਯਾ ਨਹੀਂ, ਉਸ ਹੋਰ ਦੋਸ਼ੀਆਂ ਉਤੇ ਤਾਂ ਦਯਾ ਕਿਥੋਂ ਕਰਨੀ ਹੈ। ਦਯਾ ਬਿਨਾਂ ਮਨੁੱਖੀ ਵਿਹਾਰ ਵਿੱਚ ਕੋਮਲਤਾ ਨਹੀਂ ਆ ਸਕਦੀ। ਉਹ ਖਰਵਾ ਹੀ ਰਹਿਣ ਲਈ ਮਜ਼ਬੂਰ ਹੁੰਦਾ ਹੈ।

ਹਿਰਦੇ ਦੇ ਸਨਮਾਨ, ਸ਼ਰਧਾ, ਸ਼ੁਕਰਗੁਜ਼ਾਰੀ, ਦਯਾ ਦੇ ਭਾਵਾਂ ਨਾਲ ਹੀ ਮਾਂ ਦੀ ਪੂਜਾ ਹੋ ਸਕਦੀ ਹੈ। ਇਹ ਖਜ਼ਾਨਾ ਮਾਪਿਆਂ ਤੋਂ ਹੀ ਮਿਲਦਾ ਹੈ, ਤੇ ਸੁਹਿਰਦ ਮਨੁੱਖਾਂ ਦੀ ਸੰਗਤ ਨਾਲ ਪਨਪ ਉਠਦਾ ਹੈ। ਉਪਰੋਕਤ ਭਾਵਨਾ ਤੋਂ ਬਿਨਾਂ ਕੋਈ ਮਾਂ ਦਾ ਸਤਿਕਾਰ ਨਹੀਂ ਕਰ ਸਕਦਾ, ਕੋਈ ਸੱਚੀ ਸੇਵਾ ਨਹੀਂ ਕਰ ਸਕਦਾ। ਮਾਂ ਨੂੰ ਸੁਖੀ ਰਖਣ ਦਾ ਦੁਰਲਭ ਮਾਨ ਨਹੀਂ ਪ੍ਰਾਪਤ ਕਰ ਸਕਦਾ।

ਪਰਮ ਪੂਜਨੀਕ ਭਗਵਾਨ ਦੇਵ ਆਤਮਾ ਨੇ

ਇਸ ਮਨੁੱਖੀ ਰਿਸ਼ਤੇ ਦਾ ਨਰਕ ਵੇਖਕੇ ਆਪਣੇ ਹਿਰਦੇ ਤੇ ਗਹਿਰਾ ਜ਼ਖਮ ਖਾਧਾ ਹੈ। ਉਨ੍ਹਾਂ ਇਸ ਰਿਸ਼ਤੇ ਨੂੰ ਮਨੁੱਖ ਦੇ ਹੋਰ ਰਿਸ਼ਤਿਆਂ ਵਾਂਗ ਨਵਾਂ ਪਲਟਾ ਦੇਣ ਦਾ ਬ੍ਰੱਤ ਲਿਆ ਹੈ। ਉਨ੍ਹਾਂ ਨੇ ਆਪਣੇ ਅੰਮ੍ਰਿਤ-ਮਈ ਪ੍ਰਭਾਵਾਂ ਰਾਹੀਂ ਬੰਜਰ ਮਨੁੱਖੀ ਹਿਰਦਿਆਂ ਦੀ ਬਰਬਰਤਾ ਨਾਸ਼ ਕਰਨੀ ਆਰੰਭ ਕੀਤੀ ਹੈ, ਤੇ ਉਨ੍ਹਾਂ ਵਿੱਚ ਆਪਣੇ ਰੂਹ ਪਰਵਰ ਪ੍ਰਭਾਂਵਾਂ ਦੁਆਰਾ ਸਨਮਾਨ ਸ਼ਰਧਾ, ਸ਼ੁਕਰਗੁਜਾਰੀ ਤੇ ਦਯਾ ਭਾਵਨਾ ਦੇ ਅੰਕੁਰ ਉਤਪੰਨ ਕਰ ਰਹੇ ਹਨ, ਜਿਸ ਨਾਲ ਮਨੁੱਖੀ ਹਿਰਦੇ ਦੀ ਇਹ ਨਾਰਕੀ ਲੀਲਾ ਮਿਟ ਰਹੀ ਹੈ, ਤੇ ਇਸ ਰਿਸ਼ਤੇ ਵਿੱਚ ਉੱਚ ਤੇ ਸਵਰਗੀ, ਮਨੋਹਰ ਲੀਲਾ ਪ੍ਰਗਟ ਹੋ ਰਹੀ ਹੈ। ਕੋਲੇ ਵਾਂਗ ਕਾਲੇ ਸਿਆਹ ਹਿਰਦੇ, ਉੱਚ ਭਾਵਾਂ ਦੇ ਨਾਲ ਹੀਰਿਆਂ ਵਾਂਗ ਚਮਕ ਰਹੇ ਹਨ। ਇਸ ਨਾਲ ਮਨੁੱਖ ਦੇ ਇਸ ਰਿਸ਼ਤੇ ਵਿੱਚ, ਸਮੁੱਚੇ ਵਤੀਰੇ ਦੀ ਕਾਇਆ ਕਲਪ ਹੋ ਗਈ ਹੈ। ਉਨ੍ਹਾਂ ਦੇ ਅਦੁੱਤੀ ਪ੍ਰਭਾਵਾਂ ਨੇ ਮਾਤਾ ਪਿਤਾ ਦੇ ਸਬੰਧ ਵਿੱਚ ਇੱਕ ਨਵਾਂ ਯੁਗ ਉਤਪੰਨ ਕਰ ਦਿੱਤਾ ਹੈ।

ਉਨ੍ਹਾਂ ਦੀ ਸ਼ਰਨ ਵਿੱਚ ਆਕੇ ਉਨ੍ਹਾਂ ਦੇ ਪ੍ਰਭਾਵਾਂ ਨੂੰ ਪਾ ਕੇ ਸੰਤਾਨ ਆਪਣੀ ਮਾਂ ਦੀ ਪੂਜਾ ਕਰਦੀ ਹੈ। ਤਹਿਸੀਲਦਾਰ ਆਪਣੀਆਂ ਮਾਤਾਵਾਂ ਦੇ ਰੋਜ਼ ਚਰਨ ਧੋਣ ਦਾ ਪਾਕ ਸੁੱਖ ਮਾਣਦੇ ਹਨ। ਬਰਫੋਂ ਚਿੱਟੇ ਤੋਲੀਏ ਨੂੰ ਛੱਡ ਆਪਣੀ ਪਗੜੀ ਨਾਲ ਮਾਂ ਦੇ ਧੋਤੇ ਪੈਰਾਂ ਨੂੰ ਪੂੰਝ ਪਾਕ ਰਾਹਤ ਦੇ ਵਾਰਸ ਬਣਦੇ ਹਨ। ਸਦ-ਸੰਤਾਨ ਸੇਵਾ ਕਰਦੀ ਹੈ ਤੇ ਮਾਪੇ ਪਾਕ ਹੰਝੂ ਵਗਾਉਂਦੇ ਇਹ ਪੁਕਾਰ ਉਠਦੇ ਹਨ, "ਬੱਚਾ, ਮੈਂ ਇਸ ਲਾਇਕ ਨਹੀਂ"। ਮਾਂ ਪਿਉ ਦੋਵਾਂ ਦਾ ਰਤਾ ਦੁੱਖ ਸੰਤਾਨ ਸਹਿਨ ਨਹੀਂ ਕਰ ਸਕਦੀ। ਦੁਖੀਏ ਮਾਂ ਪਿਉ ਸੰਤਾਨ ਲਈ ਕਲੰਕ ਹੁੰਦੇ ਹਨ। ਅਜਿਹਾ ਕਲੰਕ ਗੁਰੂ ਕ੍ਰਿਪਾ ਨਾਲ, ਹਰ ਸੰਤਾਨ ਲੈਣ ਤੋਂ ਬਹੁਤ ਭੈਭੀਤ ਰਹਿੰਦੀ ਹੈ।

ਮਾਤਾ ਪਿਤਾ ਸੰਤਾਨ ਦੇ ਦਿਨਾਂ ਵਿੱਚ ਘਰ ਘਰ ਵਿੱਚ ਗੁਰੂ ਕ੍ਰਿਪਾ ਨਾਲ ਇਸ ਸਬੰਧ ਵਿੱਚ ਸਵਰਗ ਉਤਪਨ ਹੁੰਦਾ ਹੈ। ਪੁੱਤਰ ਮਾਂਵਾਂ ਦੇ ਪੈਰ ਧੋਂਦੇ ਹਨ, ਚਰਨਾਮ੍ਰਤ ਪੀਂਦੇਹਨ, ਮਾਵਾਂ ਦੇ ਗਲ ਫੁੱਲਾਂ ਦੇ ਹਾਰ ਪਾ ਕੇ ਪੈਰਾਂ ਤੇ ਢੇਰੀ ਹੁੰਦੇ ਹਨ। ਮਾਂਵਾਂ ਨੂੰ ਪਿਤਾਂਵਾਂ ਨੂੰ ਸੁਗਾਤਾਂ ਦੇਣ ਦੀ ਖੁਸ਼ੀ ਲੈਂਦੇ ਹਨ ਤੇ ਉਨ੍ਹਾਂ ਲਈ ਹਰ ਕੁਰਬਾਨੀ ਤੁੱਛ ਅਨੁਭਵ ਕਰਦੇ ਹਨ। ਮਾਪੇ ਅਸੀਸਾਂ ਦਾ ਦਰਿਆ ਵਗ੍ਹਾ ਦਿੰਦੇ ਹਨ, ਪਾਕ ਖੁਸ਼ੀਆਂ ਨਾਲ ਘਰਾਂ ਦਾ ਮਾਹੌਲ ਸ਼ਰਸ਼ਾਰ ਹੋ ਜਾਂਦਾ ਹੈ। ਇਹ ਸਭ ਗੁਰੂ ਦੀ ਅਦੁੱਤੀ ਦੇਣ ਹੈ।

ਮਨੁੱਖਤਾ ਦੇਵ ਆਤਮਾ ਸਤਿਗੁਰੂ ਦੇ ਅਦੁੱਤੀ ਪਨ ਨੂੰ ਕਿਵੇਂ ਪਹਿਚਾਣ ਸਕੇ ਤੇ ਉਨ੍ਹਾਂ ਦੇ ਅਦੁੱਤੀ ਪ੍ਰਭਾਂਵਾਂ ਰਾਹੀਂ ਆਪਣੀ ਵਿਗੜੀ ਕਲਾ ਕਿਵੇਂ ਸੰਵਾਰ ਸਕੇ, ਤੇ ਮਾਂ ਤੇ ਪੁੱਤਾਂ ਦਾ ਸਬੰਧ ਸਦਾ ਸਵਰਗੀ ਰੂਪ ਧਾਰਨ ਕਰ ਸਕੇ। ਅਜਿਹਾ ਵੱਧ ਤੋਂ ਵੱਧ ਹੋ ਸਕੇ, ਇਸੇ ਵਿੱਚ ਹੀ ਸੰਸਾਰ ਦਾ ਕਲਿਆਣ ਹੈ।

ਕਲਿਆਣ ਸਤਿਸੰਗ

ਪਾਠਕਾਂ ਨੂੰ ਨਿਵੇਦਨ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਲਿਆਣ ਪਿੰਡ (ਬਠਿੰਡਾ) ਵਿੱਖੇ ਖਾਸ ਸਤਿਸੰਗ ਰਖਿਆ ਗਿਆ ਹੈ। ਇਸ ਸਾਲ ਇਹ ਸਤਿਸੰਗ 12 ਫਰਵਰੀ ਸ਼ਾਮ ਤੋਂ 15 ਫਰਵਰੀ ਦੋਪਹਿਰ ਤੱਕ ਸਮਾਜ ਉੱਤਸਵ ਦੇ ਅਵਸਰ ਤੇ ਰਖਿਆ ਗਿਆ ਹੈ। ਸਾਥੀ ਸੇਵਕ ਅਤੇ ਸੇਵਿਕਾ ਤੇ ਹੋਰ ਸ਼ਰਧਾਵਾਨ ਇਸ ਅਵਸਰ ਤੇ ਪੁੱਜ ਕੇ ਜ਼ਿਆਦਾ ਤੋਂ ਜ਼ਿਆਦਾ ਲਾਭ ਉਠਾਉਣ।

—ਮੰਤਰੀ

ਪਿਤਾ ਜੀ ਦਾ ਉਪਕਾਰੀ ਰੂਪ

ਸਤਿਗੁਰੂ ਦਾ ਪਰਮ ਉਪਕਾਰ, ਕਿ ਐਸਾ ਕੁਰਗ੍ਹਾ ਪੈਦਾ ਕਰ ਦਿੱਤਾ ਕਿ ਜਿਸ ਦੇ ਪਰਮ ਹਿਤਕਰ ਮੰਡਲ ਵਿੱਚ ਬੈਠ ਕੇ ਧਿਆਨ ਆਪਣੇ ਵਲ ਲਿਜਾਣ ਲਈ ਮਜ਼ਬੂਰ ਤੇ ਬੇਵੱਸ ਹੁੰਦਾ ਹੈ। ਕਹਿਲਾਉਣ ਵਾਲੇ ਧਰਮ ਮਤਾਂ ਨੇ ਪੂਜਾ ਪਾਠ, ਨਾਮ, ਸਿਮਰਣ ਤੇ ਹੋਰ ਅਨੇਕਾਂ ਇਸ ਕਿਸਮ ਦੇ ਸਾਧਨਾਂ ਨੂੰ ਧਰਮ ਕਿਹਾ ਹੈ ਪਰ ਦੇਵ ਆਤਮਾ ਸਤਿਗੁਰੂ ਨੇ ਅਪਣੀਂ ਨਿਰਾਲੀ ਜੋਤੀ ਵਿੱਚ ਦੇਖਿਆ ਕਿ ਧਰਮ ਸਬੰਧਾਂ ਨੂੰ ਤਿਆਗਣ ਵਿੱਚ ਨਹੀਂ ਸਗੋਂ ਇੰਨ੍ਹਾਂ ਨੂੰ ਹਿਤਕਰ ਤੋਂ ਹਿਤਕਰ ਬਣਾਉਣ ਵਿੱਚ ਹੈ ਤੇ ਇਹ ਵਿਗਿਆਨਕ ਪਰਖ ਰੱਖ ਦਿੱਤੀ ਧਰਮਵਾਨ ਦੀ ਜਾਂ ਧਰਮ ਅਭਿਲਾਸ਼ੀ ਦੀ ਕਿ ਉਹ ਆਪਣੇ ਸਬੰਧਾਂ ਵਿੱਚ ਕੀ ਗਤੀਆਂ ਕਰਦਾ ਹੈ, ਕੀ ਸੋਚ ਰੱਖਦਾ ਹੈ ਤੇ ਕੀ ਬੋਲ ਬੋਲਦਾ ਹੈ? ਸਤਿਗੁਰੂ ਨੇ ਉੱਚ ਭਾਵਾਂ ਨੂੰ ਪੈਦਾ ਕਰਨਾ ਹੀ ਮਨੁੱਖ ਦਾ ਉਦੇਸ਼ ਦੱਸਿਆ ਹੈ ਤੇ ਇੰਨ੍ਹਾਂ ਭਾਵਾਂ ਵਿਚ ਇਕ ਬਹੁਤ ਸੁੰਦਰ ਭਾਵ ਕਰਤੱਗਤਾ ਜਾਂ ਸ਼ੁਕਰਗੁਜ਼ਾਰੀ ਦਾ ਹੈ। ਕਰਤੱਗਤਾ ਦੇ ਸਾਗਰ ਦੇਵ ਆਤਮਾ ਨੇ ਅਜਿਹਾ ਮੰਡਲ ਪੈਦਾ ਕਰ ਦਿੱਤਾ ਹੈ ਕਿ ਨਾਸ਼ੁਕਰੇ ਇਨਸਾਨ ਆਪਣੇ ਉਪਕਾਰੀਆਂ ਦੇ ਉਪਕਾਰਾਂ ਨੂੰ ਮਹਿਸੂਸ ਕਰਕੇ ਸ਼ੁਕਰਗੁਜ਼ਾਰ ਬਨਣ ਦੇ ਇਛੱਕ ਬਣਦੇ ਹਨ ਤੇ ਅਜਿਹੇ ਸਾਧਨਾਂ ਵਿੱਚੋਂ ਗੁਜਰਦੇ ਹਨ ਜਿਨ੍ਹਾਂ ਰਾਹੀਂ ਸੱਚੇ ਧਰਮ ਦਾ ਇਹ ਅੰਗ ਪੈਦਾ ਹੋ ਸਕਦਾ ਹੈ।

ਮੈਂ ਅਤੀ ਨੀਚ ਤੇ ਅਤੀ ਦੁਰਬਲ ਵੀ ਗੁਰੂ ਦੀ ਅਪਾਰ ਕਿਰਪਾ ਸਦਕੇ ਕਦੇ ਕਦੇ ਐਸੀ ਸੋਚ ਵਿਚਾਰ ਵਿੱਚੋਂ ਗੁਜ਼ਰਨ ਲਈ ਮਜ਼ਬੂਰ ਪਾਉਂਦਾ ਹਾਂ। ਮੇਰੇ ਵਿਚਾਰ ਦਾ ਵਿਸ਼ਾ ਅੱਜ ਪਿਤਾ ਜੀ ਦੇ ਉਪਕਾਰੀ ਰੂਪ ਨੂੰ ਅਨੁਭਵ ਕਰਨਾ ਹੈ। ਪਿਤਾ ਜੀ ਮੇਰੇ ਜਨਮ ਦਾਤਾ, ਪਾਲਣ ਕਰਤਾ, ਰੱਖਿਆ ਕਰਤਾ ਤੇ ਸਿਖਿਆ ਦਾਤਾ ਹਨ। ਇੰਨ੍ਹਾਂ ਚਾਰਾਂ ਪੱਖਾਂ ਨੂੰ ਵਾਰੀ ਵਾਰੀ ਵਿਚਾਰ ਕੇ ਇਨ੍ਹਾਂ ਦੀ ਕੁਝ ਤਸਵੀਰ ਬਣ ਸਕਦੀ ਹੈ।

ਇਸ ਦੁਨੀਆਂ ਵਿੱਚ ਮੇਰੀ ਵਰਤਮਾਨਤਾ ਦਾ ਕਾਰਨ ਜਾਂ ਮੇਰੀ ਹਸਤੀ ਦੇ ਕਰਤਾ ਮੇਰੀ ਮਾਂ ਦੇ ਨਾਲ ਨਾਲ ਪਿਤਾ ਜੀ ਵੀ ਹਨ। ਇੰਨ੍ਹਾਂ ਤੋਂ ਬਿਨ੍ਹਾਂ ਮੈਂ ਕੁੱਝ ਵੀ ਨਹੀਂ ਹੋ ਸਕਦਾ ਸਾਂ। ਮੈਂ ਤਾਂ ਹੀ ਹਾਂ ਜੇ ਉਹ ਹਨ। ਮੇਰਾ ਸਰੀਰ ਰੰਗ ਰੂਪ ਕੱਦ ਕਾਠ, ਸ਼ਕਲ, ਦਿਮਾਗ ਤੇ ਆਤਮਾ ਸਭ ਕੁੱਝ ਪਿਤਾ ਜੀ ਤੋਂ ਬਗ਼ੈਰ ਕੁੱਝ ਨਹੀਂ। ਤਕਰੀਬਨ ਸੁਅਸਥ ਸਰੀਰ, ਦਰਮਿਆਨੀਆਂ ਦਿਮਾਗੀ ਸ਼ਕਤੀਆਂ ਜੋ ਮੈਂ ਰੱਖਦਾ ਹਾਂ ਇਹ ਪਿਤਾ ਜੀ ਆਪ ਦਾ ਦਾਨ ਹੈ। ਇੱਕ ਇੱਕ ਅੰਗ ਜੋ ਆਪ ਤੋਂ ਮਿਲਿਆ ਹੈ ਉਸ ਦਾ ਕੋਈ ਮੁੱਲ ਨਹੀਂ ਹੋ ਸਕਦਾ। ਹੱਥ, ਪੈਰ, ਅੱਖ, ਕੰਨ, ਨੱਕ, ਕਿਸੇ ਕੀਮਤ ਤੇ ਵੀ ਦੁਬਾਰਾ ਨਹੀਂ ਲਾਏ ਜਾ ਸਕਦੇ। ਇਸ ਤੋਂ ਅੱਗੇ ਹਾਰਦਿਕ ਭਾਵਾਂ ਦੀ ਪੂੰਜੀ ਜੋ ਆਪ ਕੋਲੋਂ ਮਿਲੀ, ਉਸਦਾ ਧੰਨਵਾਦ ਨਹੀਂ ਕੀਤਾ ਜਾ ਸਕਦਾ। ਕੁੱਝ, ਸ਼ਰਧਾ ਸ਼ੁਕਰਗੁਜਾਰੀ, ਈਮਾਨਦਾਰੀ, ਹਮਦਰਦੀ ਦਾ ਮਾਦਾ ਮੇਰੇ ਵਿੱਚ ਵਰਤਮਾਨ ਹੈ, ਇਸ ਵਿੱਚ ਆਪਦਾ ਬਹੁਤ ਵੱਡਾ ਯੋਗਦਾਨ ਹੈ। ਇੰਨ੍ਹਾਂ ਤੇ ਹੋਰ ਅਜਿਹੇ ਸਾਤਵਿਕ ਭਾਵਾਂ ਦੀ ਪੂੰਜੀ ਬਿਨਾਂ ਆਦਮੀ ਬਾਦਸ਼ਾਹ ਬਣ ਕੇ ਵੀ ਅਤਿ ਕੰਗਾਲ ਰਹਿੰਦਾ ਹੈ। ਸੋ ਮੈਂ ਆਪ ਤੋਂ ਐਸਾ ਅਮੁੱਲ ਦਾਨ ਪਾਕੇ ਧੰਨ ਧੰਨ ਮਹਿਸੂਸ ਕਰਦਾ ਹਾਂ ਤੇ ਸਤਿਗੁਰੂ ਦੀ ਅਪਾਰ ਕਿਰਪਾ ਸਦਕਾ ਆਪ ਨੂੰ ਵਾਰ ਵਾਰ ਧੰਨਵਾਦ ਦਿੰਦਾ ਹਾਂ। ਮੇਰੇ ਮਹਾਂ ਸੁਭਾਗ ਹਨ ਕਿ ਸਤਿਗੁਰੂ ਨੇ ਆਪ ਦੇ ਐਸੇ ਜਨਮ ਦਾਤਾ ਰੂਪ ਦੇ ਦਰਸ਼ਨ ਕਰਵਾ ਦਿੱਤੇ ਹਨ।

ਹਰ ਮਾਤਾ ਪਿਤਾ ਆਪਣੇ ਬੱਚੇ ਦੀ ਪਾਲਣਾ ਕਰਦੇ ਹਨ। ਆਪ ਨੇ ਭੀ ਮੇਰੀ ਪਾਲਨਾਂ ਲਈ, ਮੇਰੀ ਖੁਰਾਕ, ਕੱਪੜਾ, ਦੁਆਈਆਂ ਲਈ ਜੋ ਸੰਗਰਾਮ ਕੀਤਾ ਹੈ, ਜੋ ਤਪੱਸਿਆ ਕੀਤੀ ਹੈ ਮੈਂ ਉਸ ਸਾਰੇ ਦੀ ਤਸਵੀਰ ਨਹੀਂ ਬਣਾ ਸਕਦਾ ਪਰ ਫਿਰ ਵੀ ਮੈਂ ਦੇਖਦਾ ਹਾਂ ਕਿ ਆਪਨੇ ਸਖ਼ਤ ਤੋਂ ਸਖ਼ਤ ਕੰਮ ਕੀਤੇ ਹਨ, ਅੱਧੀ ਅੱਧੀ ਰਾਤ ਨੂੰ ਹੱਲ ਜੋੜ੍ਹਿਆ ਹੈ, ਗੋਡੀਆਂ ਕੀਤੀਆਂ, ਫਸਲਾਂ ਬੀਜੀਆਂ ਵੱਢੀਆਂ ਤੇ ਕੱਢੀਆਂ ਹਨ। ਇਸ ਸਭ ਕੁੱਝ ਵਿੱਚੋਂ ਤਪਦੇ ਰੇਤ, ਰੇਗਸਤਾਨੀ ਇਲਾਕੇ ਵਿੱਚ ਕਈ ਵਾਰ ਤਿਹਾਏ ਤੇ ਭੁਖੇ ਰਹੇ ਹੋਵੋਂਗੇ, ਕਿੰਨੀਆਂ ਹੀ ਸਰਦੀਆਂ

ਦੀ ਘੁਪ ਰਾਤਾਂ ਨੂੰ ਵੱਢ ਵੱਢ ਖਾਂਦੀ ਸਰਦੀ ਵਿੱਚ ਫਸਲਾਂ ਨੂੰ ਪਾਣੀ ਲਾਇਆ ਹੈ, ਸੱਪਾਂ ਦੀਆਂ ਸਿਰੀਆਂ ਮਿੱਧੀਆਂ ਹਨ। ਮੇਰੇ ਲਈ ਦੁੱਧ ਪੈਦਾ ਕਰਨ ਲਈ ਚਾਰੇ, ਚਰੀਆਂ ਕੜਬ ਦੇ ਕੁੱਤਰੇ ਕੀਤੇ ਹਨ। ਫਿਰ ਬੀਮਾਰੀ ਦੀ ਹਾਲਤ ਵਿੱਚ ਇੱਥੋਂ ਤੱਕ ਕਿ ਲੱਤ ਦੇ ਇੱਕ ਵਾਰ ਟੁੱਟ ਜਾਣ ਤੋਂ ਥੋੜੇ ਦਿਨ ਬਾਅਦ ਹੀ ਉਸ ਲੰਗੜ੍ਹਾਂਦੀ ਤੇ ਦੁੱਖਦੀ ਲੱਤ ਲੈ ਕੇ ਬੀਜਾਈਆਂ ਕੀਤੀਆਂ ਹਨ। ਰਾਤਾਂ ਜਾਗ ਕੇ ਕਣਕਾਂ ਤੇ ਗੁਆਰਿਆਂ ਦੀ ਕਢਾਈ ਕੀਤੀ ਹੈ, ਜਿਸ ਵਿੱਚ ਹੱਥਾਂ ਦੇ ਘਸ ਜਾਣ ਤੇ ਜ਼ਖਮੀ ਹੋਣਾ ਬੜੀ ਆਮ ਗੱਲ ਹੁੰਦੀ ਸੀ। ਆਪ ਦੀ ਐਸੀ ਤਪੱਸਿਆ ਦਾ ਬਦਲਾ ਕੋਈ ਨਹੀਂ ਦਿੱਤਾ ਜਾ ਸਕਦਾ। ਅਗਰ ਮੈਂ ਕੁੱਝ ਦੇਰ ਲਈ ਕਦੇ ਕੋਈ ਕਿਸੇ ਕੰਮ ਵਿੱਚ ਹੱਥ ਪਾਇਆ ਤਾਂ ਮੇਰੇ ਪਸੀਨੇ ਤੇ ਲਾਲ ਮੂੰਹ ਨੂੰ ਦੇਖ ਕੇ, ਆਪ ਨੇ ਰੋਕ ਦਿੱਤਾ ਹੈ। ਆਪ ਨੇ ਸਖ਼ਤ ਤੋਂ ਸਖ਼ਤ ਤਕਲੀਫਾਂ ਝੱਲੀਆਂ, ਮੇਰਾ ਪਸੀਨਾ ਵੀ ਨਹੀਂ ਝੱਲ ਸਕੇ, ਜੇ ਮੈਂ ਭੁੱਲ ਜਾਵਾਂ ਤਾਂ ਇਸ ਤੋਂ ਵੱਡਾ ਨਾਸ਼ੁਕਰਾਪਨ ਤੇ ਪਾਪ ਕੋਈ ਨਹੀਂ ਹੋ ਸਕਦਾ।

ਮੇਰੀ ਪਾਲਣਾ ਵਿੱਚ ਜੋ ਆਪਨੇ ਸਿੱਖਿਆ ਦਾ ਦਾਨ ਦਿੱਤਾ ਹੈ, ਉਸ ਦੀ ਕੀਮਤ ਦਾ ਕੋਈ ਅੰਦਾਜਾ ਨਹੀਂ ਲਗਾਇਆ ਜਾ ਸਕਦਾ ਹੈ। ਮੇਰੇ ਬਹੁਤ ਛੋਟੇ ਹੁੰਦੇ ਤੋਂ ਹੀ ਆਪ ਆਪਣੀ ਸਾਤਵਿਕ ਪ੍ਰਕਿਰਤੀ ਤੋਂ ਪਰਿਚਾਲਤ ਹੋ ਕੇ ਮੈਨੂੰ ਬਹੁਤ ਅੱਛੀ ਸਿਖਿਆ ਦਿੰਦੇ ਰਹੇ, ਜਿਸ ਦਾ ਬਹੁਤ ਕੁੱਝ ਅਸਰ ਮੇਰੇ ਹਿਰਦੇ ਤੇ ਅਵੱਸ਼ ਹੋਇਆ ਹੈ। ਆਪ ਰਾਤ ਨੂੰ ਸੌਣ ਵੇਲੇ ਚੰਗੇ ਸ਼ਬਦਾ ਦਾ ਗਾਣ ਕਰਦੇ ਤੇ ਮੈਨੂੰ ਅਜਿਹਾ ਕਰਨ ਲਈ ਪਰੇਰਦੇ ਜਿਵੇਂ : ਸੇਵਾ ਨੂੰ ਮੇਵਾ ਲੱਗਦਾ ਕਰਕੇ ਕੋਈ ਵੇਖ ਲਓ। ਕਦੇ ਕਿਸੇ ਦੀ ਕੋਈ ਚੀਜ ਚੋਰੀ ਨਹੀਂ ਕਰਨੀ, ਹਰ ਵਕਤ ਗਾਲ੍ਹਾਂ ਤੋਂ ਵਰਜਣਾ, ਕਿਸੇ ਦੇ ਖੇਤ ਵਿੱਚ ਕੋਈ ਪਸ਼ੂ ਨਹੀਂ ਵੜ੍ਹਨ ਦੇਣਾ ਨਾ ਹੀ ਕਿਸੇ ਦੇ ਖੇਤੋਂ ਗੰਨੇ ਜਾਂ ਹੋਰ ਕਿਸੇ ਫਸਲ ਦੇ ਬੂਟੇ ਪੁੱਟਣੇ। ਮੇਰੀ ਸਕੂਲੀ ਵਿੱਦਿਆ ਵਿੱਚ ਤੇ ਉਚੇਰੀ ਪੜ੍ਹਾਈ ਵਿੱਚ ਮੇਰੇ ਦਾਦਾ ਜੀ ਆਪ ਨੂੰ ਕਹਿੰਦੇ ਰਹੇ ਕਿ ਪੜ੍ਹਾਈ ਬੰਦ ਕਰੋ ਤੇ ਇਸਨੂੰ ਕੰਮ ਤੇ ਲਾਓ। ਪਰ ਜਿਸ ਤਰ੍ਹਾਂ ਦਾਦਾ ਜੀ ਦੇ ਸ਼ਰਧਾਵਾਨ ਸਓ ਆਪ ਲਈ ਬੜੀ ਮੁਸ਼ਕਲ ਸੀ ਕਿ ਵਿਰੋਧ ਕਰਦੇ। ਪਰ ਫਿਰ ਵੀ ਕਿਸੇ ਤਰ੍ਹਾਂ ਆਪ ਨੇ ਮੇਰੀ ਪੜ੍ਹਾਈ ਵਿੱਚ ਕੋਈ ਰੋਕ ਨਹੀਂ ਆਉਣ ਦਿੱਤੀ। ਇਸ ਵਿੱਚ ਆਪ ਨੂੰ ਬਹੁਤ ਜਿਆਦਾ ਤੇ ਕਈ ਵਾਰ ਅਨੁਚਿਤ ਖਰਚ ਝੱਲਣਾ ਪਿਆ। ਮੈਂ ਆਪ ਦਾ ਬਹੁਤ ਸਾਰਾ ਧਨ ਸ਼ਰਾਬਾਂ ਫਿਲਮਾਂ ਤੇ ਹੋਰ ਕਈ ਫਾਲਤੂ ਚੀਜ਼ਾਂ ਤੇ ਖਰਚ ਕੇ ਆਪ ਨਾਲ ਜ਼ੁਲਮ ਕਰਦਾ ਰਿਹਾ। ਦੋ ਸਾਲ ਪੜ੍ਹਾਈ ਦੇ ਵੀ ਖਰਾਬ ਕੀਤੇ ਤੇ ਆਪ ਨੂੰ ਸਭ ਕੁੱਝ ਸਾਫ ਸਾਫ ਦੱਸਿਆ ਵੀ ਨਹੀਂ ਪਰ ਆਪ ਨੇ ਮੂੰਹ ਨਹੀਂ ਵੱਟਿਆ ਸਗੋਂ ਸੱਚੀ ਹਮਦਰਦੀ ਕਰਦੇ ਰਹੇ, ਸੱਚੇ ਫਿਕਰ ਵਿਚੋਂ ਗੁਜਰਦੇ ਰਹੇ। ਅੱਜ ਮੈਂ ਕਈ ਅੰਗਰੇਜ਼ੀ ਦੀਆਂ, ਦਰਸ਼ਨ ਦੀਆਂ, ਵਿਗਿਆਨ ਦੀਆਂ, ਤੇ ਵਿਗਿਆਨਕ ਸੱਤਿ ਧਰਮ ਦੀਆਂ ਕਿਤਾਬਾਂ ਪੜ੍ਹਨ ਦੇ ਕਾਬਲ ਹਾਂ ਤਾਂ ਇਹ ਮਹਿਸੂਸ ਕਰਕੇ ਕਿ ਇਹ ਆਪਦਾ ਬਹੁਤ ਮਹਾਨ ਉਪਕਾਰ ਹੈ, ਆਪ ਦੇ ਚਰਨਾਂ ਦਾ ਧਿਆਨ ਕਰਕੇ ਸਿਰ ਰੱਖ ਕੇ ਪ੍ਰਨਾਮ ਕਰਦਾ ਹਾਂ। ਆਪ ਨੂੰ ਧੰਨਵਾਦ ਦੇ ਭਾਵਾਂ ਨਾਲ ਯਾਦ ਕਰਦਿਆਂ ਮੇਰਾ ਹਿਰਦਾ ਭਰ ਆਉਂਦਾ ਹੈ। ਸ਼ੋਕ ਹੈ ਕਿ ਆਪ ਦੀ ਸੇਵਾ ਕਰਨ ਦੇ ਉਨੇ ਜ਼ੋਰਦਾਰ ਭਾਵ ਨਹੀਂ ਬਣ ਸਕੇ ਜਦੋਂ ਕਿ ਆਪ ਦੀ ਸੇਵਾ ਕਰਨ ਦੇ ਅਧਿਕਾਰ ਤੋਂ ਵਧਕੇ ਮੇਰੇ ਹੋਰ ਕੀ ਸੁਭਾਗ ਹੋ ਸਕਦੇ ਹਨ।

ਆਪ ਦੇ ਉਪਕਾਰਾਂ ਦੀ ਗਾਥਾ ਗਾਈ ਨਹੀਂ ਜਾ ਸਕਦੀ, ਬੱਸ ਲੋੜ ਸਿਰਫ ਸ਼ੁਕਰਗੁਜਾਰੀ ਦੀ ਅੱਖ ਦੀ ਹੈ। ਬੱਚਪਨ ਵਿੱਚ ਗਰਮੀ ਸਰਦੀ ਤੇ ਪਸ਼ੂਆਂ ਤੋਂ ਰੱਖਿਆ ਕਰਨ ਤੋਂ ਇਲਾਵਾ ਜੋ ਆਪਨੇ ਕਿੰਨੀ ਵਾਰ ਬੀਮਾਰੀਆਂ ਤੋਂ ਬਚਾਇਆ ਹੈ ਉਸ ਦੀਆਂ ਕੁੱਝ ਘਟਨਾਂਵਾਂ ਮੈਨੂੰ ਕਈ ਵਾਰ ਯਾਦ ਆਉਂਦੀਆਂ ਹਨ। ਮੇਰੀ ਅੱਖ ਵਿੱਚ ਤਿਣ ਪੈ ਜਾਣ ਤੇ ਆਪ ਨੂੰ ਜਾਗਣ ਲਈ ਮਜ਼ਬੂਰ ਕਰਦਾ ਸੀ ਜਦੋਂ ਕਿ ਦਿਨੇ ਸਾਰਾ ਦਿਨ ਕੰਮ ਕਰਦੇ ਸਓ, ਇਸੇ ਤਰ੍ਹਾਂ ਭਗਤੇ ਕਈ ਦਿਨ ਆਪ ਜੀ ਨੂੰ ਮਾਤਾ ਜੀ ਨੂੰ ਮੇਰੇ ਇਲਾਜ ਲਈ ਠਹਿਰਣਾ ਪਿਆ ਤੇ ਕਿੰਨਾਂ ਫਿਕਰਾਂ ਵਿੱਚੋਂ ਗੁਜਰਨਾ ਪਿਆ।

ਨੌਜਵਾਨੀ ਵਿੱਚ ਮੇਰਾ ਖੇਡ ਦੌਰਾਨ ਚੋਟ ਖਾਣ ਤੇ ਬਠਿੰਡੇ ਦੇ ਦੰਦਾਂ ਦੇ ਮਾਹਿਰ ਦਾ ਮਹਿੰਗਾ ਇਲਾਜ ਆਪ ਨੇ ਕਰਵਾਇਆ ਤੇ ਹੋਰ ਸਭ ਕੁੱਝ ਭੁਲ ਕੇ ਮੇਰਾ ਸ਼ੁਭ ਕੀਤਾ। ਇਸੇ ਤਰ੍ਹਾਂ ਉਸ ਵਕਤ ਤਾਂ ਆਪ ਦੀ ਪਰੇ

ਸ਼ਾਨੀ ਦਾ ਅਨੁਮਾਨ ਲਾਇਆਂ ਨਹੀਂ ਜਾ ਸਕਦਾ ਸੀ ਜਦੋਂ ਮੇਰੀ ਇਕ ਫਿੱਟ ਦੇ ਦੌਰਾਨ ਬੇਬਸੀ ਹੋ ਗਈ ਤੇ ਆਪ ਕਿੰਨੇ ਫਿਕਰ ਨਾਲ ਮੈਨੂੰ ਮੋਗੇ ਤੇ ਫਿਰ ਲੁਧਿਆਣੇ ਵਿਚ ਇਲਾਜ਼ ਲਈ ਲੈ ਗਏ। ਆਪ ਦੀ ਕਿਸ ਕਿਸ ਤਪੱਸਿਆ ਦਾ ਧਿਆਨ ਕਰਾਂ। ਜਦੋਂ ਮੈਂ ਸ਼ਰਾਬੀ ਕਬਾਬੀ ਹੋ ਗਿਆ ਤੇ ਆਪ ਦਾ ਦਿਲ ਵਿੰਨ੍ਹਿਆ ਜਾਣ ਲੱਗਾ ਤਾਂ ਆਪ ਨੇ ਮੇਰੇ ਸ਼ੁਭ ਲਈ ਕਾਮਨਾਵਾਂ ਕੀਤੀਆਂ, ਮੈਨੂੰ ਦੇਵ ਸਮਾਜ ਦੀ ਪਰਮ ਹਿਤਕਰ ਸੰਗਤ ਵਿੱਚ ਨਾਲ ਜਾ ਕੇ ਮੇਰਾ ਭਲੇ ਦੇ ਦੁਆਰ ਤੇ ਖੜ੍ਹਾ ਕਰਦੇ ਰਹੇ ਤੇ ਉਥੇ ਮੇਰੀਆਂ ਨੀਚ ਗਤੀਆਂ ਦਾ ਇਸ਼ਾਰਾ ਕਰਦੇ ਰਹੇ ਤੇ ਮੈਨੂੰ ਉਸ ਹਾਲਤ ਵਿੱਚੋਂ ਕੱਢਣ ਲਈ ਸੰਗਰਾਮ ਕਰਦੇ ਰਹੇ। ਇੱਕ ਵਾਰ ਜਦ ਮੈਂ ਸ਼ਰਾਬ ਦੇ ਨਸ਼ੇ ਵਿੱਚ ਸਰਦੀ ਦੀ ਰਾਤ ਨੂੰ ਬੇਹੋਸ਼ ਹੋਇਆ ਤਾਂ ਆਪ ਨੇ ਮੈਨੂੰ ਬਚਾਉਣ ਲਈ ਰਾਤ ਜਾਗੀ ਤੇ ਇਸੇ ਤਰ੍ਹਾਂ ਉਹ ਘਟਨਾ ਜਦੋਂ ਮੈਂ ਬਚਪਨ ਵਿੱਚ ਇੱਕ ਵਾਰ ਕਈ ਬੱਚਿਆਂ ਨਾਲ ਮਿਲ ਕੇ ਸ਼ਰਾਬ ਕਾਰਨ ਬੇਹੋਸ਼ ਹੋ ਗਿਆ ਸਾਂ ਤਾਂ ਆਪ ਨੇ ਅੱਧੀ ਰਾਤ ਤੱਕ ਮੇਰੀਆਂ ਤਲੀਆਂ ਝੱਸੀਆਂ ਮੇਰੇ ਟੀਕੇ ਕਰਵਾਉਣੇ ਪਏ। ਆਪ ਦੀ ਮਾਂਸਾਹਾਰ ਤੇ ਤੰਬਾਕੂ ਤੋਂ ਘ੍ਰਿਣਾਂ ਨੇ ਇਸ ਪੱਥ ਵਿੱਚ ਬੜੀ ਰੱਖਿਆ ਕੀਤੀ ਨਹੀਂ ਤਾਂ ਇਸ ਪਾਸੇ ਭੀ ਨੁਕਸਾਨ ਖਾਣਾ ਜਰੂਰੀ ਸੀ। ਮੈਂ ਬੜੀ ਬੇਸ਼ਰਮੀ ਨਾਲ ਆਪਣੇ ਦੋ ਤਿੰਨ ਸਾਥੀਆਂ ਨਾਲ ਸ਼ਰਾਬ ਪੀਂਦਾ ਤੇ ਮਾਂਸ ਖਾਂਦਾ। ਇਹ ਕਹਿ ਰਿਹਾ ਸਾਂ ਕਿ ਮੇਰਾ ਜਨਮ ਐਸੇ ਪਿਤਾ ਤੇ ਘਰ ਹੋਇਆ ਹੈ ਜੋ ਨਾਂ ਖਾਂਦੇ ਹਨ ਨਾਂ ਪੀਂਦੇ ਹਨ ਤੇ ਮੈਂ ਆਪਣੇ ਆਪ ਨੂੰ ਬੜ੍ਹਾਂ ਮੰਦ ਭਾਗ ਮਹਿਸੂਸ ਕਰਦਾ ਸਾਂ। ਪਰ ਹੁਣ ਸਤਗੁਰੂ ਦੀ ਅਪਾਰ ਕਿਰਪਾ ਸਦਕਾ ਜਿਥੇ ਮੈਂ ਆਪਣੀ ਪਹਿਲੀ ਸੋਚ ਤੇ ਦੁਖੀ ਹੁੰਦਾ ਹਾਂ, ਉਥੇ ਐਸੇ ਪਿਤਾ ਦੇ ਘਰ ਜਨਮ ਪਾ ਕੇ ਬਹੁਤ ਖੁਸ਼ਕਿਸਮਤ ਤੇ ਕਈ ਵਾਰ ਤਾਂ ਇਹ ਮਹਿਸੂਸ ਕਰਦਾ ਹਾਂ ਕਿ ਕਿਸੇ ਸ਼ਰਾਬੀ ਕਬਾਬੀ ਰਾਜੇ ਦੇ ਘਰ ਵੀ ਪੈਦਾ ਹੋਇਆ ਹੁੰਦਾ ਤਾਂ ਵੀ ਬਦਕਿਸਮਤੀ ਸੀ ਤੇ ਹੁਣ ਮੇਰੇ ਸੁਭਾਗ ਦੀ ਕੋਈ ਹੱਦ ਨਹੀਂ।

ਇਹ ਨਾਚੀਜ਼ ਪੁੱਤਰ

ਆਪਣੇ ਪਿਤਾ ਦੀ ਸੇਵਾ ਵਿੱਚ

ਸ਼ਰਧੇ ਉਪਕਾਰੀ ਪਿਤਾ ਜੀ,

ਤੁਹਾਡੇ ਕਈ ਸੁੰਦਰ ਗੁਣਾਂ ਅੱਗੇ ਦਿਲ ਝੁਕਦਾ ਰਹਿੰਦਾ ਹੈ, ਖਾਸ ਕਰ ਮਾਤਾ ਪਿਤਾ ਅਤੇ ਪਰਲੋਕ ਦੇ ਸਬੰਧ ਵਿਚ ਪਾਠ ਵਿਚਾਰ ਕਰਦੇ ਹੋਏ।

ਤੁਸੀਂ ਜਿਸਮਾਨੀ ਵਿਚਾਰ ਨਾਲ ਮਜਬੂਤ ਸਰੀਰ ਰਖਦੇ ਸੀ, ਬਹੁਤ ਮਿਹਨਤੀ ਜੀਵਨ ਸੀ, ਕੰਮ ਕਰਦੇ ਥੱਕਦੇ ਅਕਦੇ ਨਹੀਂ ਸੀ। ਮਰਦੇ ਦਮ ਤੱਕ ਕੰਮ ਕਰਦੇ ਰਹੇ। ਤੁਸੀਂ ਕਿਸੇ ਨੂੰ ਭੀ ਬੇਕਾਰ ਬੈਠਾ ਨਹੀਂ ਸੀ ਵੇਖ ਸਕਦੇ, ਉਸਨੂੰ ਭੀ ਕੰਮ ਵਿਚ ਲਗਾ ਲੈਂਦੇ।

ਤੁਸੀਂ ਬੜੀ ਸਾਦਾ ਪੋਸ਼ਾਕ ਪਹਿਨਦੇ, ਸਾਦਾ ਜੀਵਨ, ਸਾਦਾ ਖਾਣ ਪੀਣ ਰਖਦੇ। ਪਸ਼ੂ ਰੱਖਣ ਦਾ ਸ਼ੌਕ ਸੀ, ਬਾਪ ਦਾਦਾ ਤੋਂ ਇਹ ਚਲਿਆ ਆਇਆ ਸੀ ਤੁਸੀਂ ਜਿੱਥੇ ਭੀ ਰਹੇ, ਗਾਂ, ਮੱਝ ਰਖਦੇ ਤੇ ਅਪਣੇ ਹੱਥਾਂ ਨਾਲ ਖੁਸ਼ੀ ਖੁਸ਼ੀ ਉਨ੍ਹਾਂ ਦੀ ਪਾਲਣਾ ਕਰਦੇ। ਆਖ਼ਰੀਦਮ ਤੱਕ ਪਸ਼ੂਆਂ ਦੀ ਦੇਖ ਭਾਲ ਕਰਦੇ ਰਹੇ, ਤੁਸੀਂ ਗਏ ਤਾਂ ਪਸ਼ੂ ਭੀ ਗਏ, ਦੁੱਧ, ਮੱਖਣ ਭੀ ਗਿਆ।

ਤੁਸੀਂ ਪਾਕਿਸਤਾਨ ਵਿਚ ਪਹਿਲਾਂ ਨੌਕਰੀ, ਫੇਰ ਦੁਕਾਨ ਦਾਰੀ ਕਰਦੇ ਸੀ। ਮੁਸਲਮਾਨਾਂ ਨਾਲ ਚੰਗੀ ਦੋਸਤੀ ਸੀ। ਜਦੋਂ ਸਭ ਹਿੰਦੂ ਘਰ ਬਾਰ ਛੱਡ ਕੇ ਸ਼ਹਿਰ ਚਲੇ ਗਏ ਤਾਂ ਤੁਹਾਨੂੰ ਇਕ ਮੁਸਲਮਾਨ ਨੇ, ਜੋ ਭਾਈ ਬਣਿਆਂ ਹੋਇਆ ਸੀ, ਪਨਾਹ ਦਿੱਤੀ। ਮੈਨੂੰ ਤੇ ਮੇਰੇ ਛੋਟੇ ਭਰਾ ਨੂੰ ਉਸ ਦਿਨ ਲੱਭਕੇ ਲੈਕੇ ਆਏ। ਜਦੋਂ 1947 ਵਿਚ ਅੱਗ ਮੱਚੀ ਹੋਈ ਸੀ। ਫੇਰ ਜਦੋਂ ਇਹ ਐਲਾਨ ਹੋ ਗਿਆ ਕਿ ਕਿਸੇ ਦੇ ਘਰ ਕੋਈ ਹਿੰਦੂ ਨਹੀਂ ਰਹਿ ਸਕਦਾ, ਜਾਂ ਉਹ ਮੁਸਲਮਾਨ ਬਣ ਜਾਵੇ ਤਾਂ ਉਨ੍ਹਾਂ ਮੁਸਲਮਾਨਾਂ ਨੇ ਸਾਨੂੰ ਸੁਰੱਖਿਅਤ ਸ਼ਹਿਰ ਪਹੁੰਚਾਉਣ ਦਾ ਪ੍ਰਬੰਧ ਕੀਤਾ। ਸਾਡਾ ਨੌਕਰ ਗੁਲਾਮ ਮੁਹੰਮਦ, ਸਾਡਾ ਕਾਲੂ ਕੁੱਤਾ, ਗਾਂ ਅਤੇ ਰਾਸ਼ਨ ਪਹੁੰਚਾਉਣ ਦਾ ਪ੍ਰਬੰਧ ਕੀਤਾ।

ਹਿੰਦੋਸਤਾਨ ਆਕੇ ਜਿੱਥੇ ਭੀ ਸਰਕਾਰੀ ਨੌਕਰੀ ਤੇ ਲੱਗੇ ਬੜੀ ਈਮਾਨਦਾਰੀ ਅਤੇ ਮਿਹਨਤ ਨਾਲ ਕੰਮ

ਕੀਤਾ ਅਤੇ ਨਾਮ ਕਮਾਇਆ। ਬੱਚਿਆਂ ਤੇ ਆਪਣੇ ਜੀਵਨ ਦੇ ਚੰਗੇ ਅਸਰ ਪਾਏ। ਵਕਤ ਤੋਂ ਸਕੂਲ ਜਾਂਦੇ ਰਹੇ, ਕਦੀ ਦੇਰੀ ਨਾਲ ਨਹੀਂ ਗਏ। ਹਿਸਾਬ ਚੰਗਾ ਕਰਵਾਉਂਦੇ ਸੀ, ਬੱਚਿਆਂ ਨੂੰ ਪੀ. ਟੀ. ਕਰਵਾਉਂਦੇ, ਚੰਗਾ ਡਿਸਪਲਿਨ ਰਖਦੇ ਸੀ।

ਤੁਸੀਂ ਇਕ ਗ੍ਰਹਿਸਥੀ ਹੋ ਕੇ, ਕਈ ਸਬੰਧਾਂ ਵਿਚ ਕਮਾਲ ਦਾ ਜੀਵਨ ਬਤੀਤ ਕੀਤਾ। ਆਪਣੇ ਪਿਤਾ ਜੀ ਦੇ ਪਰਲੋਕ ਗਮਨ ਦੇ ਸਮੇਂ, ਤੁਸੀਂ ਉਨ੍ਹਾਂ ਪਾਸ ਸੀ, ਉਨ੍ਹਾਂ ਨੇ ਤੁਹਾਨੂੰ ਆਪਣੀ ਮਤਰੇਈ ਮਾਂ ਅਤੇ ਭੈਣ ਭਰਾਂਵਾਂ ਦੀ ਜ਼ਿੰਮੇਵਾਰੀ ਦਿੱਤੀ ਜੋ ਤੁਸੀਂ ਸਾਰੀ ਉਮਰ ਨਿਭਾਈ। ਸਾਰੇ ਫਰਜ਼ ਪੂਰੇ ਕੀਤੇ। ਮਤਰੇਈ ਮਾਂ ਦਾ ਭੀ ਖਿਆਲ ਰੱਖਿਆ। ਪਾਕਿਸਤਾਨ ਬਣ ਜਾਣ ਤੇ ਸਭ ਭੈਣ ਭਰਾ ਅਲੱਗ ਅਲੱਗ ਥਾਵਾਂ ਤੇ ਚਲੇ ਗਏ, ਮਤਰੇਈ ਮਾਂ ਦੇ ਤਿੰਨ ਬੇਟੇ ਸੀ, ਉਨ੍ਹਾਂ ਦੇ ਆਪਣੇ ਮਕਾਨ ਸੀ। ਪਰ ਤੁਸੀਂ ਜਦੋਂ ਸੰਗਰੂਰ ਵਿਚ ਆਪਣਾ ਮਕਾਨ ਬਣਾਇਆ ਤਾਂ ਇਕ ਕਮਰਾ ਆਪਣੀ ਮਾਂ ਨੂੰ ਦੇਈ ਰੱਖਿਆ, ਉਹ ਸਾਰੀ ਉਮਰ ਉੱਥੇ ਰਹੀਆਂ ਤੇ ਅਸੀਸਾਂ ਦਿੰਦੀਆਂ ਰਹੀਆਂ। ਵੱਡੇ ਭਰਾ ਦੀ ਬੀਮਾਰੀ ਵਿਚ ਸੈਂਕੜੇ ਰੁਪਏ ਦੀ ਉਸ ਵਕਤ ਮਦਦ ਕੀਤੀ। ਭੈਣਾਂ ਦਾ ਭੀ ਖਿਆਲ ਰੱਖਿਆ। ਇਕ ਵਾਰੀਂ ਚੌਦਾ ਤੋਂ ਆਪਣੇ ਕਾਰਖਾਨੇ ਦੇ ਚਾਵਲ ਭੈਣ ਭਰਾਂਵਾਂ ਦੇ ਘਰ ਦੇ ਕੇ ਆਏ ਅਤੇ ਕਿਹਾ ਕਿ ਸੁਦਾਮਾਂ ਦੇ ਚਾਵਲ ਹਨ, ਕਿੰਨ੍ਹੀ ਦੀਨਤਾ? ਬਹੁਤ ਦੀਨ ਸੀ, ਆਪਣੇ ਆਪ ਨੂੰ ਦੀਨ ਦਾ ਬਾਲ ਕਿਹਾ ਕਰਦੇ ਸੀ। ਜਿੰਦਗੀ ਵਿਚ ਇਕ ਦੋ ਘਟਨਾਂਵਾਂ ਨੂੰ ਛੱਡ ਕੇ ਮੈਂ ਉਨ੍ਹਾਂ ਨੂੰ ਲੜਦੇ ਨਹੀਂ ਵੇਖਿਆ।

ਅਸੀਂ ਕਦੇ ਪਿਤਾ ਜੀ ਨੂੰ ਸਾਡੀ ਮਾਂ ਨਾਲ ਲੜ੍ਹਦੇ ਜਾਂ ਉੱਚਾ ਬੋਲਦੇ ਨਹੀਂ ਵੇਖਿਆ। ਸਾਡੇ ਮਾਤਾ ਜੀ ਆਪਣੇ ਮਾਂ ਬਾਪ ਦੀ ਇਕੋ ਸੰਤਾਨ ਸੀ, ਪਿਤਾ ਜੀ ਨੇ ਸਾਡੀ ਨਾਨੀ ਜੀ ਨੂੰ ਆਪਣੇ ਘਰ ਮਾਂ ਦੀ ਤਰਾਂ ਸਾਰੀ ਉਮਰ ਰੱਖਿਆ, ਉਨ੍ਹਾਂ ਦੀ ਸੇਵਾ ਕੀਤੀ ਤੇ ਆਖ਼ਰੀ ਉਮਰ ਵਿਚ ਬਿਮਾਰੀ ਵਿਚ ਉਨ੍ਹਾਂ ਦਾ ਮਲ ਮੂਤਰ ਭੀ ਉਠਾਇਆ। ਕਦੇ ਸਾਡੇ ਮਾਤਾ ਜੀ ਨੂੰ ਇਹ ਨਹੀਂ ਕਿਹਾ ਕਿ ਮਾਂ ਤੇਰੀ ਅਤੇ ਸੇਵਾ ਮੈਂ ਕਰਾਂ, ਖੁਸ਼ੀ ਖੁਸ਼ੀ ਉਨ੍ਹਾਂ ਨੂੰ ਰਖਦੇ ਰਹੇ ਅਤੇ ਸਨਮਾਨ ਦਿੰਦੇ ਰਹੇ। ਧੰਨ ਧੰਨ ਹੁੰਦੇ ਰਹੇ।

ਸ਼ੁਕਰਗੁਜਾਰੀ ਦਾ ਭਾਵ ਕਮਾਲ ਦਾ ਸੀ। ਭੋਜਨ ਖਾਂਦੇ ਸਮੇਂ ਦੋਵੇਂ ਹੱਥ ਜੋੜਕੇ ਭੋਜਨ ਨੂੰ ਪ੍ਰਣਾਮ ਕਰਦੇ ਅਤੇ "ਸ਼ੁਕਰ ਹੈ" ਇਹ ਸ਼ਬਦ ਉਚਾਰਣ ਕਰਦੇ, ਜੋ ਖਾਣ ਨੂੰ ਮਿਲ ਜਾਂਦਾ ਮੱਥੇ ਤੇ ਲਗਾਉਂਦੇ-ਜੇ ਕਿਸੇ ਛੋਟੇ ਤੋਂ ਕੋਈ ਸੇਵਾ ਪਾਉਂਦੇ ਤਾਂ ਧੰਨਵਾਦ ਕਰਦੇ।

ਆਪਣੇ ਤੋਂ ਛੋਟਿਆਂ ਦਾ ਸਨਮਾਨ ਕਰਦੇ। ਮੇਰੇ ਉੱਥੇ ਪੁੱਜਣ ਤੇ ਆਪਣੇ ਅੰਗੋਛੇ ਨਾਲ ਥਾਂ ਸਾਫ ਕਰਕੇ ਮੈਨੂੰ ਕੋਲ ਬਿਠਾਉਂਦੇ। ਕਈ ਮਾਮਲਿਆਂ ਵਿਚ ਸਲਾਹ ਲੈਂਦੇ ਤੇ ਮੰਨਦੇ ਸੀ।

ਦਿਨ ਵਿਚ ਇਕ ਦੋ ਵਾਰੀਂ ਸਿਗਰੇਟ ਪੀਂਦੇ ਸੀ, ਪਰ ਮੇਰੇ ਦੇਵ ਸਮਾਜ ਵਿਚ ਆਉਣ ਤੋਂ ਬਾਅਦ ਮੇਰੇ ਕਹਿਣ ਤੇ ਉਦੋਂ ਹੀ ਛੱਡ ਦਿੱਤੀ। ਫੇਰ ਕਦੇ ਨਹੀਂ ਪੀਤੀ। ਉਹ ਸਭ ਮੋਟੇ ਪਾਪਾਂ ਤੋਂ ਬਚੇ ਹੋਏ ਸੀ, ਜਿਨਾਂ ਨੂੰ ਛੱਡ ਕੇ ਕੋਈ ਦੇਵ ਸਮਾਜੀ ਬਣਦਾ ਹੈ। ਕਹਿੰਦੇ ਸੀ ਕਿ ਮੈਂ ਦੇਵ ਸਮਾਜੀ ਹੀ ਹਾਂ। ਕੋਈ ਮਿੱਥਿਆ ਵਿਸ਼ਵਾਸ਼ ਨਹੀਂ ਸੀ ਮੰਨਦੇ।

ਦੇਵ ਸਮਾਜ ਦੀਆਂ ਪੁਸਤਕਾਂ ਅਤੇ ਅਖ਼ਬਾਰ ਜੋ ਆਉਂਦੇ, ਉਹ ਪੜ੍ਹਦੇ ਸੀ, ਦਿਮਾਗ਼ ਸਾਫ ਸੀ, ਇਥੋਂ ਤੱਕ ਕਿ ਜਿਸ ਦਿਨ ਸਥੂਲ ਸਰੀਰ ਛੱਡਿਆ ਅਤੇ ਸਵੇਰੇ ਦਿਲ ਦਾ ਦੌਰਾ ਪਿਆ, ਮਲੇਰਕੋਟਲੇ ਵਿਖਾਕੇ ਆਏ, ਕਾਰਖਾਨੇ ਦੀ ਮਸ਼ੀਨਰੀ, ਪਸ਼ੂਆਂ ਤੱਕ ਨੂੰ ਵੀ ਪ੍ਰਣਾਮ ਕੀਤਾ ਅਤੇ ਕਿਹਾ ਕਿ ਕੋਈ ਗਲਤੀ ਹੋਵੇ ਤਾਂ ਮੁਆਫ ਕਰਨਾ, ਆਪਣੇ ਹੱਥ ਨਾਲ ਚਾਬੀਆਂ ਕੱਢ ਕੇ ਫੜਾ ਦਿੱਤੀਆਂ। ਮੋਹ ਅਨੁਰਾਗ ਨਹੀਂ ਸੀ, ਸਭ ਕੁਝ ਖੁਦ ਤਿਆਗ ਦਿੱਤਾ।

ਉਸੇ ਦਿਨ ਮਲੇਰਕੋਟਲੇ ਤੋਂ ਵਾਪਸ ਆਉਂਦੇ ਹੋਏ ਕਾਰ ਵਿਚ ਬੈਠੇ ਸੀ, ਕੋਲ ਦੀ ਇਕ ਆਦਮੀ ਗੁਜਰਿਆ, ਜੋ ਪਿੰਡ ਵਿਚ ਉਨ੍ਹਾਂ ਨਾਲ ਦੁਸ਼ਮਣੀ ਦਾ ਭਾਵ ਰਖਦਾ ਸੀ, ਉਸ ਨੂੰ ਖੁਦ ਬੁਲਾਕੇ ਪੁਛਿਆ ਕਿ ਪਿੰਡ ਜਾਣਾ ਹੈ, ਕਾਰ ਵਿਚ ਨਾਲ ਬਿਠਾ ਕੇ ਲਿਆਏ। ਕਮਾਲ ਦਾ ਦਿਲ ਸੀ। ਉਸ ਆਦਮੀ ਨੇ ਸ਼ਰਾਧ ਦੀ ਸਭਾ ਵਿਖੇ ਭਰੇ ਦਿਲ ਨਾਲ ਇਹ ਘਟਨਾ ਦੱਸੀ, ਉਸ ਤੋਂ ਬਾਅਦ ਉਹ ਆਦਮੀ ਬਦਲ ਗਿਆ।

ਹਰੀਜਨ ਬੱਚਿਆਂ ਨੂੰ ਪਿਆਰ ਕਰਦੇ, ਗਰੀਬਾਂ ਨਾਲ ਹਮਦਰਦੀ ਰਖਦੇ, ਉਨ੍ਹਾਂ ਨੂੰ ਆਟਾ ਦਾਲ ਮੁਫਤ ਵਿਚ ਦੇ ਦਿੰਦੇ। ਹਰ ਸਾਲ ਮਿੱਠੇ ਚਾਵਲ ਵੰਡਦੇ। ਬਾਹਰ

ਤੋਂ ਪਿੰਡ ਵਿਚ ਕੋਈ ਯਾਤਰੀ ਆ ਜਾਂਦਾ ਉਸਨੂੰ ਘਰ ਰਖਦੇ, ਭੋਜਨ ਖਿਲਾਉਂਦੇ। ਗਊ ਸ਼ਾਲਾ ਨੂੰ ਦਾਨ ਦਿੰਦੇ। ਸਮਾਜ ਨੂੰ ਦਾਨ ਦਿੰਦੇ।

ਏਨ੍ਹਾਂ ਪਵਿਤ੍ਰ ਜੀਵਨ ਸੀ ਕਿ ਪਿੰਡ ਵਿਚੋਂ ਕੋਈ ਕੁੜੀ ਬੁੜੀ ਆਉਂਦੀ ਉਨ੍ਹਾਂ ਨੂੰ ਪਿਤਾ ਜੀ ਕਹਿੰਦੀ। ਦੂਜੇ ਪਿੰਡ ਦੀਆਂ ਕੁੜੀਆਂ ਸਕੂਲ ਆਉਂਦੀਆਂ, ਸਾਈਕਲ ਕਾਰਖਾਨੇ ਵਿਚ ਰੱਖ ਦਿੰਦੀਆਂ। ਜੋ ਹੁਣ ਤੱਕ ਰਖਦੀਆਂ ਆ ਰਹੀਆਂ ਹਨ।

ਅਜਿਹੇ ਪਿਤਾ ਨੂੰ ਯਾਦ ਕਰਨਾ, ਉਨ੍ਹਾਂ ਤੇ ਸ਼ਰਧਾ ਦੇ ਫੁੱਲ ਚੜਾਉਣਾ, ਸਾਡਾ ਸੁਭਾਗ ਹੈ, ਕਾਸ਼! ਉਨ੍ਹਾਂ ਦੇ ਜੀਵਨ ਨੂੰ ਸਾਮ੍ਹਣੇ ਰੱਖ ਕੇ ਅਸੀਂ ਭੀ ਉਹ ਗੁਣ ਧਾਰਨ ਕਰ ਸਕੀਏ। ਉਨ੍ਹਾਂ ਦੀ ਸੱਚੀ ਪ੍ਰਸੰਨਤਾ ਅਤੇ ਅਸ਼ੀਰਵਾਦ ਲਾਭ ਕਰ ਸਕੀਏ। ਉਨ੍ਹਾਂ ਦੇ ਨੇਕ ਗੁਣਾਂ ਨੂੰ ਧਾਰਨ ਕਰ ਸਕੀਏ।

(ਜਵਾਹਰ ਲਾਲ)

ਚੰਡੀਗੜ੍ਹ ਵਿਖੇ ਮਾਤਾ ਪਿਤਾ ਬਰੱਤ

11 ਜਨਵਰੀ ਐਤਵਾਰ ਦੇ ਦਿਨ ਚੰਡੀਗੜ੍ਹ ਵਿੱਚ ਸ਼੍ਰੀ ਸੈਕਟਰੀ ਸਾਹਿਬ ਜੀ ਦੇ ਮਕਾਨ 21 ਡੀ ਵਿੱਚ ਹਮੇਸ਼ਾ ਦੀ ਤਰ੍ਹਾਂ ਅੱਜ ਐਤਵਾਰ ਦਾ ਸਾਧਨ ਹੋਇਆ। ਇਸ ਵਿੱਚ ਸ਼ਾਮਿਲ ਹੋਣ ਦੇ ਲਈ ਰਾਏਪੁਰ ਰਾਣੀ ਤੋਂ ਦੋ ਜਨ, ਪੰਚਕੂਲਾ ਤੋਂ ਤਿੰਨ ਜਨ, ਦੜਵਾਂ ਪਿੰਡ ਤੋਂ ਪੰਜ ਜਨ ਅਤੇ ਰਾਏ ਪੁਰ ਕਲਾ ਤੋਂ ਇੱਕ ਪਰਿਵਾਰ, ਜਗਦੀਸ਼ ਜੀ ਦੇ ਸਾਥੀ ਅਤੇ ਸਬੰਧੀ ਤਿੰਨ ਪਰਿਵਾਰ ਜਗਦੀਸ਼ ਜੀ ਦਾ ਸਾਰਾ ਪਰਿਵਾਰ ਅਤੇ ਉਨ੍ਹਾਂ ਦੀ ਬੇਟੀ ਮੌਨਾ ਜੀ, ਖੇੜਾ ਸਾਹਿਬ ਦਾ ਪਰਿਵਾਰ, ਵਸ਼ਿਸ਼ਟ ਜੀ ਦਾ ਪਰਿਵਾਰ ਅਤੇ ਦੂਜੇ ਜਨ ਬਹੁਤ ਚੰਗੀ ਸੰਖਿਆ ਵਿੱਚ ਪਹੁੰਚੇ। ਉਪਰੋਕਤ ਮਕਾਨ ਦੀ ਸੁੰਦਰ ਗਲੀਚੇ ਅਤੇ ਫੋਮ ਦੇ ਗੱਦੇ ਬਿਛਾ ਕੇ ਅਤੇ ਆਸ ਪਾਸ ਕੁਰਸੀਆਂ ਲਗਾ ਕੇ ਵਿਛਾਈ ਕੀੱਤੀ ਗਈ। 40-50 ਜਨ੍ਹਾਂ ਦੇ ਬੈਠਣ ਲਈ ਸਥਾਨ ਤਿਆਰ ਕੀੱਤਾ ਗਿਆ ਅਤੇ ਉਸ ਉਪਰ ਸਫੇਦ ਚਾਦਰਾਂ ਵਿਛਾਈਆਂ ਗਈਆਂ। ਇੱਕ ਤਰਫ ਇਕ ਸਟੇਜ ਉੱਤੇ ਸਫੇਦ ਚਾਦਰ ਵਿੱਛਾ ਕੇ ਉਸ ਉਪਰ ਗੁਰੂ ਮਹਾਰਾਜ ਜੀ ਦੀ ਫੋਟੋ ਸਜਾਈ ਗਈ। ਅਰਚਨ ਦੇ ਲਈ ਫੁੱਲ ਰਖੇ ਗਏ। ਬਹੁਤ ਸਾਰੇ ਹਾਰ ਇਸ ਸਭਾ ਦੇ ਲਈ ਮੰਗਵਾਏ ਗਏ। ਸਥਾਨੀ ਸੇਵਕ-ਸੇਵਿਕਾ ਵੀ ਖੁਸ਼ੀ ਖੁਸ਼ੀ ਪਹੁੰਚ ਗਏ। ਕੁੱਲ ਹਾਜਰੀ 50 ਦੇ ਲਗਭਗ ਸੀ।

ਸੱਭ ਤੋਂ ਪਹਿਲਾ ਜਗਦੀਸ਼ ਜੀ ਨੇ "ਜੀਵਨ ਜੋਤੀ ਕੇ ਤੁਮ ਸੂਰਜ ਅੰਧੇਰਾ ਦੂਰ ਕਰਤੇ ਹੋ" ਵਾਲਾ ਭਜਨ ਗਾਇਆ। ਫਿਰ ਸੱਭ ਨੇ ਖੜੇ ਹੋਕੇ ਅਰਚਨ ਤੋਂ ਬਾਅਦ ਦੇ ਵ ਸਤੋਤਰ ਦਾ ਗਾਣ ਕੀੱਤਾ ਅਤੇ ਫਿਰ ਸਭਾਪਤੀ ਜੀ ਨੇ ਵਿਆਖਿਆ ਕੀੱਤੀ। ਸਭ ਦੇ ਬੈਠ ਜਾਣ ਤੇ ਸ਼੍ਰੀਮਾਨ ਜੀ ਨੇ ਗੁਰੂ ਮਹਾਰਾਜ ਤੋਂ ਉਨ੍ਹਾਂ ਦੇ ਦਾਨ ਦੇ ਲਈ ਸਹਾਏ ਪ੍ਰਾਰਥਨਾ ਕੀਤੀ। ਇਸ ਤੋਂ ਬਾਅਦ ਜਗਦੀਸ਼ ਜੀ ਨੇ "ਸ਼ਰਧਾ ਭਾਜਨ ਮਾਤਾ ਪਿਤਾ ਜੀ" ਵਾਲਾ ਭਜਨ ਦਿਲੀ ਭਾਵਾਂ ਨਾਲ ਸੁੰਦਰ ਲਯ ਵਿੱਚ ਗਾਇਆ। ਸਭਾਪਤੀ ਜੀ ਨੇ ਆਪਣਾ ਬਿਆਨ ਸ਼ੁਰੂ ਕਰਕੇ ਫਰਮਾਇਆ ਕਿ

ਭਗਵਾਨ ਦੇਵ ਆਤਮਾ ਨੇ ਇਨਸਾਨੀਅਤ ਨੂੰ ਸੁਧਾਰਨ ਦੇ ਲਈ, ਪਾਪ ਤੇ ਮਿਥਿਆ ਵਿਸ਼ਵਾਸਾਂ ਤੋਂ ਕਢਣ ਲਈ ਇਕ ਨਵੇਂ ਦੇਵ ਧਰਮ ਦੀ ਸਥਾਪਨਾ ਕੀਤੀ ਹੈਂ। ਦੇਵ ਆਤਮਾ ਸਿਰਫ ਮਿਥਿੱਆਚਾਰ ਤੇ ਅੱਠ ਪਾਪਾਂ ਤੋਂ ਹੀ ਨਹੀਂ ਬਚਾਉਂਦੇ ਪਰੰਤੂ ਅਧਿਕਾਰੀ ਆਤਮਾਵਾਂ ਨੂੰ ਧਰਮ ਦੇ ਮਾਰਗ ਤੇ ਚਲਾਉਂਦੇ ਹਨ। ਅਗਰ ਅਸੀਂ ਪੂਜਾ ਪਾਠ ਕਰਕੇ ਵੀ ਨੀਚ ਜੀਵਨ ਰਖਦੇ ਹਾਂ, ਸਾਡਾ ਪਹਿਲੇ ਨਾਲੋਂ ਨੀਚ ਜੀਵਨ ਨਹੀਂ ਘੱਟਦਾ ਜਾਂ ਉਸ ਤੋਂ ਨਿਕਲਣ ਦੇ ਲਈ ਕੋਈ ਚਿੰਤਾ ਜਾਂ ਖਿਆਲ ਪੈਦਾ ਨਹੀਂ ਹੁੰਦਾ ਤਾਂ ਸਭ ਪੂਜਾ ਪਾਠ ਵਿਅਰਥ ਹੈ।

ਭਗਵਾਨ ਦੇਵ ਆਤਮਾ ਨੇ ਫਰਮਾਇਆ ਹੈ ਕਿ ਕਦੇ ਮੇਰੇ ਨਾਮ ਨੂੰ ਜਪਨ ਦੇ ਲਈ ਨਾਂ ਬੈਠ ਜਾਣਾ। ਅਗਰ ਪੂਜਾ ਪਾਠ ਤੋਂ ਕੋਈ ਨੀਚ ਚਿੰਤਾ ਜਾਂ ਨੀਚ ਗਤੀ ਬੁਰੀ ਮਾਲੂਮ ਨਹੀਂ ਹੁੰਦੀ ਜਾਂ ਉਸ ਤੋਂ ਨਿਕਲਣ ਦਾ ਖਿਆਲ ਪੈਦਾ ਨਹੀਂ ਹੁੰਦਾ ਤਾਂ ਉਸ ਪੂਜਾ ਦਾ ਕੋਈ ਅਰਥ ਨਹੀਂ। ਇਸ ਤੋਂ ਬਾਅਦ ਦੂਜੀ ਪਰਖ ਇਹ ਹੈ ਕਿ ਧਰਮ ਸਬੰਧਾ ਵਿੱਚ ਵੀ ਰੰਗ ਦਿਖਾਵੇਗਾ। ਅਗਰ ਸਾਡੇ ਸਬੰਧ ਸਹੀ ਨਹੀਂ

ਹਨ ਤਾਂ ਅਸੀਂ ਧਰਮਵਾਨ ਨਹੀਂ ਹਾਂ। ਗੁਰੂ ਮਹਾਰਾਜ ਫਰਮਾਉਂਦੇ ਹਨ ਕਿ ਜਿਸਦੇ ਸਬੰਧ ਖਰਾਬ, ਉਸਦਾ ਜੀਵਨ ਖਰਾਬ ਅਤੇ ਉਸ ਵਿੱਚ ਧਰਮ ਨਹੀਂ। ਗੁਰੂ ਮਹਾਰਾਜ ਨੇ 16 ਸਬੰਧਾਂ ਦੀ ਤਰਫ ਸਾਡਾ ਧਿਆਨ ਖਿਚਿਆ ਹੈ। ਗੁਰੂ ਮਹਾਰਾਜ ਜੀ ਨੇ ਪੂਜਨੀਯ ਦੇਵਸ਼ਾਸਤਰ ਦੀ ਤਰਫ ਸਾਡਾ ਧਿਆਨ ਖਿਚਿੱਆ ਹੈ। ਗੁਰੂ ਮਹਾਰਾਜ ਜੀ ਨੇ ਪੂਜਨੀਯ ਦੇਵਸ਼ਾਸਤਰ ਭਾਗ-4 ਵਿੱਚ ਸਭ ਤੋਂ ਪਹਿਲਾਂ ਮਾਤਾ ਪਿਤਾ ਜੀ ਦੇ ਸਬੰਧਾ ਦਾ ਬਿਆਨ ਕੀਤਾ ਹੈਂ ਕਿ ਕਿਸ ਪ੍ਰਕਾਰ ਮਾਤਾ ਪਿਤਾ ਤੇ ਬੱਚਿਆਂ ਦਾ ਆਪਸ ਵਿੱਚ ਸਬੰਧ ਹੋਣਾ ਚਾਹੀਦਾ ਹੈ। ਉਸ ਦਾ ਪਾਠ ਵਾਰ ਵਾਰ ਕਰਨਾ ਚਾਹੀਦਾ ਹੈ।

ਸਭਾਪਤੀ ਜੀ ਨੇ ਆਪਣੀ ਇੱਕ ਘਟਨਾ ਦਾ ਬਿਆਨ ਕੀਤਾ ਹੈ ਕਿ ਕਿਸ ਪ੍ਰਕਾਰ ਉਨ੍ਹਾਂ ਨੇ ਇੱਕ ਵਾਰ ਆਪਣੇ ਬੱਚਿਆਂ ਦੀ ਕਿਸੇ ਗੱਲ ਤੇ ਡਾਂਟਿਆ ਤੇ ਸ਼ਾਇਦ ਇੱਕ ਥਪੜ ਵੀ ਲਗਾਇਆ। ਜੋ ਗੁਰੂ ਮਹਾਰਾਜ ਦੀ ਰੋਸ਼ਨੀ ਵਿੱਚ ਨਜ਼ਰ ਆਇਆ ਹੈ।

ਗੁਰੂ ਤੋਂ ਬਾਅਦ ਸਾਡੇ ਲਈ ਸਾਰੇ ਸਬੰਧਾਂ ਤੋਂ ਵੱਧ ਕੇ ਕੋਈ ਸਬੰਧ ਹੈ ਤਾਂ ਉਹ ਹੈ ਮਾਤਾ ਪਿਤਾ ਦਾ ਸਬੰਧ। ਜਿਥੇ ਜੇ ਕਦੇ ਜਾਨ ਦੇਣ ਦੀ ਵੀ ਜਰੂਰਤ ਪਵੇ ਤਾਂ ਮਾਤਾ ਪਿਤਾ ਇਸ ਤਰ੍ਹਾਂ ਦਾ ਦਿਲ ਰਖਦੇ ਹਨ ਕਿ ਆਪਣੀ ਸੰਤਾਨ ਦੇ ਲਈ ਜਾਣ ਦੇਣ ਦੇ ਲਈ ਵੀ ਤਿਆਰ ਰਹਿੰਦੇ ਹਨ। ਈਰਾਨ ਦੀ ਘਟਨਾ ਦੱਸੀ ਗਈ ਕਿ ਇੱਕ ਮਾਂ ਉਪਰ ਤੋਂ ਮਲਬਾ ਡਿਗਣ ਦੇ ਕਾਰਨ ਖੁਦ ਤਾਂ ਮਰ ਗਈ ਪਰੰਤੂ ਆਪਣੇ ਬੱਚੇ ਨੂੰ ਬੱਚਾ ਲਿਆ। ਇੱਕ ਹੋਰ ਘਟਨਾ ਦੱਸੀ ਗਈ ਕਿ ਕਿਸ ਤਰ੍ਹਾਂ ਇੱਕ ਮਾਂ ਆਪਣੇ ਬੱਚੇ ਨੂੰ ਬਚਾਉਣ ਦੇ ਲਈ ਆਪਣੇ ਹੱਥ ਦੀ ਉਂਗਲੀ ਕੱਟ ਕੇ ਬੱਚੇ ਦੇ ਮੂੰਹ ਵਿੱਚ ਪਾਉਂਦੀ ਰਹੀ। ਉਹ 11 ਦਿਨ ਤੱਕ ਇੱਕ ਇੱਕ ਉਂਗਲੀ ਕੱਟ ਕੇ ਇਸ ਤਰ੍ਹਾਂ ਕਰਦੀ ਰਹੀ। ਕਿਸ ਪ੍ਰਕਾਰ ਮਾਤਾ ਆਪਣੀ ਸੰਤਾਨ ਦੇ ਲਈ ਆਪਣੀ ਜਾਨ ਦੀ ਵੀ ਪਰਵਾਹ ਨਹੀਂ ਕਰਦੀ। ਇਤਿਹਾਸ ਇਸ ਗੱਲ ਦਾ ਸਬੂਤ ਹੈ। ਬਾਬਰ ਦੀ ਘਟਨਾ ਦੱਸੀ ਗਈ ਕਿ ਕਿਸ ਪ੍ਰਕਾਰ ਆਪਣੇ ਬੇਟੇ ਨੂੰ ਰਾਜੀ ਕਰਨ ਦੇ ਲਈ ਆਪਣੀ ਜਾਣ ਦੇਣ ਲਈ ਰਾਜੀ ਹੋ ਗਿਆ। ਇਤਿਹਾਸ ਦੱਸਦਾ ਹੈ ਕਿ ਆਖਿਰਕਾਰ ਹਿਮਾਯੂ ਤਾਂ ਬਚ ਗਿਆ ਪਰੰਤੂ ਬਾਬਰ ਨੇ ਆਪਣੇ ਬੇਟੇ ਦੇ ਲਈ ਆਪਣੀ ਜਾਣ ਕੁਰਬਾਣ ਕਰ ਦਿੱਤੀ। ਇਨ੍ਹਾਂ ਘਟਨਾਵਾਂ ਨਾਲ ਹਾਜਰੀਨ ਪ੍ਰਭਾਵਿਤ ਹੋ ਰਹੇ ਸੀ।

ਫਿਰ ਦੱਸਿਆ ਗਿਆ ਕਿ ਮਨੁੱਖ ਪਸ਼ੂਆਂ ਤੋਂ ਆਇਆ ਹੈ। ਪਸ਼ੂ ਦਾ ਬੱਚਾ ਆਪਣੇ ਮਾਤਾ ਪਿਤਾ ਦੀ ਸੇਵਾ ਨਹੀਂ ਕਰਦਾ। ਉਸ ਤਰ੍ਹਾਂ ਮਨੁੱਖ ਸਵਾਰਥ ਨਾਲ ਭਰਕੇ ਆਪਣੇ ਮਾਤਾ ਪਿਤਾ ਨਾਲ ਭਿਆਨਕ ਦ੍ਰਿਸ਼ ਪੇਸ਼ ਕਰਦਾ ਹੈ। ਔਰੰਗਜੇਬ ਦੀ ਘਟਨਾ ਦੱਸੀ ਗਈ ਕਿ ਕਿਸ ਪ੍ਰਕਾਰ ਉਸਦਾ ਵਿਵਹਾਰ ਆਪਦੇ ਪਿਤਾ ਦੇ ਸਬੰਧ ਵਿੱਚ ਭਿਆਨਕ ਘੱਟਨਾ ਹੈ। ਜੋ ਪੰਜ ਵਕਤ ਨਮਾਜ ਵੀ ਪੜ੍ਹਦਾ ਸੀ। ਪਰੰਤੂ ਉਸ ਨੂੰ ਪਿਤਾ ਨਾਲ ਕਿਸ ਤਰ੍ਹਾਂ ਦਾ ਵਰਤਾਵ ਕਰਨਾ ਚਾਹੀਦਾ ਹੈ, ਨਜ਼ਰ ਨਹੀਂ ਆਇਆ। ਆਖਿਰ ਵਿੱਚ ਕਿਸੇ ਅੰਸ਼ ਜਰੂਰ ਸਮਝ ਗਿਆ। ਕੁਝ ਚੀਜਾਂ ਨੂੰ ਗਿਣਿਆ ਨਹੀਂ ਜਾ ਸਕਦਾ। ਜਿਸ ਤਰ੍ਹਾਂ ਪੇੜ ਦੇ ਪੱਤੇ ਤੇ ਸਿਰ ਦੇ ਵਾਲ ਗਿਣੇ ਨਹੀਂ ਜਾ ਸਕਦੇ, ਉਸ ਤਰ੍ਹਾਂ ਮਾਤਾ ਪਿਤਾ ਦੇ ਉਪਕਾਰਾਂ ਦੀ ਕੋਈ ਗਿਣਤੀ ਨਹੀਂ ਕਰ ਸਕਦਾ। ਪਰੰਤੂ ਮਨੁੱਖ ਨੂੰ ਆਪਣੇ ਉਪਕਾਰੀ ਮਾਤਾ ਪਿਤਾ ਨਜ਼ਰ ਨਹੀਂ ਆਉਂਦੇ। ਕਈ ਸੁੰਦਰ ਘਟਨਾਵਾਂ ਦੇ ਦੁਆਰਾਂ ਇਸ ਗੱਲ ਨੂੰ ਸਪਸ਼ਟ ਕੀਤਾ ਗਿਆ ਕਿ ਕਿਸ ਤਰ੍ਹਾਂ ਇੱਕ ਇੱਕ ਮਾਤਾ ਪਿਤਾ ਆਪਣੀ ਸੰਤਾਨ ਤੋਂ ਦੁੱਖੀ ਹੋਣ ਤੇ, ਲੱਜਿਤ ਹੋਣ ਤੇ ਆਪਣੇ ਹੋਸ਼ ਖੋ ਬੈਠਦੇ ਹਨ ਅਤੇ ਕਈ ਕਈ ਮਾਤਾ ਪਿਤਾ ਆਤਮ-ਹੱਤਿਆ ਕਰ ਲੈਂਦੇ ਹਨ।

ਉੱਚ ਭਾਵਾਂ ਤੋਂ ਬਿਨ੍ਹਾਂ ਧਰਮ ਨਹੀਂ ਹੁੰਦਾ। ਉੱਚ ਭਾਵਾਂ ਤੋਂ ਖਾਲੀ ਬੇਟੇ ਮਾਤਾ ਪਿਤਾ ਨਾਲ ਕਿਸ ਤਰ੍ਹਾਂ ਦਾ ਜੁਲਮ ਕਰਦੇ ਹਨ। ਉਸਦੇ ਬਾਰੇ ਦੱਸਿਆ ਗਿਆ। ਉੱਚ ਭਾਵਾਂ ਨੂੰ ਪੈਦਾ ਕਰਨ ਦੀ ਜਰੂਰਤ ਹੈ। ਸਨਮਾਨ ਦਾ, ਸ਼ਰਧਾ ਦਾ ਭਾਵ, ਸ਼ੁਕਰਗੁਜਾਰੀ ਦਾ ਭਾਵ, ਹਮਦਰਦੀ ਦਾ ਭਾਵ।

ਭਗਵਾਨ ਦੇਵ ਆਤਮਾ ਦਾ ਮਿਸ਼ਨ ਸ਼ੁਕਰਗੁਜਾਰ ਬੇਟੇ ਬਨਾਉਣ ਦਾ ਕੰਮ ਕਰਦਾ ਹੈ। ਸਭਾਪਤੀ ਨੇ ਫਰਮਾਇਆ ਕਿ ਅਗਰ ਕਿਸੀ ਨੇ ਸਰਵਨ ਕੁਮਾਰ ਦੇਖਣਾ ਹੋਵੇ ਤਾਂ ਮੈਂ ਤੁਹਾਨੂੰ ਦਿਖਾ ਸਕਦਾ ਹਾਂ। ਹੋਰ ਘਟਨਾਵਾਂ ਤੋਂ ਇਲਾਵਾ ਸ਼੍ਰੀਮਾਨ ਸ਼ਾਦੀ ਲਾਲ ਜੀ ਦੀ ਵੀ ਘਟਨਾ ਦੱਸੀ ਗਈ। ਮਾਤਾ ਪਿਤਾ ਆਪਣੀ ਸੰਤਾਨ ਨੂੰ ਕੀ ਕੀ ਦਿੰਦੇ ਹਨ ਇਹ ਚਾਰ ਚੀਜਾਂ ਵਿਸ਼ੇਸ਼ ਹਨ- ਸ਼ਕਲ ਸੂਰਤ, ਅਕਲ ਚੰਗੇ ਭਾਵ।

ਸਭਾ ਬਹੁਤ ਪ੍ਰਭਾਵਸ਼ਾਲੀ ਰਹੀ। ਕਿੰਨੇ ਹੀ ਜਨ੍ਹਾਂ ਦੇ ਦਿਲ ਭਰੇ ਹੋਏ ਸਨ। ਕੁਝ ਬੇਬਸ ਹੰਝੂ ਬਹਾ ਰਹੇ ਸਨ। ਸਭਾਪਤੀ ਜੀ ਨੇ ਹਾਜਰੀਨ ਨੂੰ ਕਿਹਾ ਕਿ ਮਾਤਾ ਪਿਤਾ ਦੇ ਸਬੰਧ ਵਿੱਚ ਮਹਿਸੂਸ ਹੁੰਦਾ ਹੋਵੇ ਤਾਂ ਬਿਆਨ ਕਰ ਸਕਦੇ ਹਨ। ਇਸ ਉਤੇ ਕੁਝ ਜਨ੍ਹਾਂ ਨੇ ਆਪਣੇ ਭਾਂਵਾਂ ਦਾ ਪ੍ਰਕਾਸ਼ ਕੀਤਾ।

ਸ਼੍ਰੀਮਾਨ ਮਧੂ ਸੂਦਨ ਜੀ :- ਨੇ ਜਾਰੋ ਕਤਾਰ ਰੋਂਦਿਆ ਕਿਹਾ ਕਿ ਬਹੁਤ ਖੁਸ਼ੀ ਦੀ ਗੱਲ ਹੈ ਕਿ ਮੇਰੀ ਮਾਤਾ ਜੀ ਅੱਜ ਸਾਡੇ ਵਿੱਚ ਮੌਜੂਦ ਹਨ। ਉਨ੍ਹਾਂ ਦਾ ਦਰਜਾ ਅਤੇ ਉਪਕਾਰ ਕਿਸੀ ਪ੍ਰਕਾਰ ਨਾਲ ਬਿਆਨ ਨਹੀਂ ਹੋ ਸਕਦਾ। ਮੈਂ ਮਾਂ ਨੂੰ (ਬਹੁਤ ਦੁੱਖੀ ਦਿਲ ਨਾਲ) ਬਹੁਤ ਗਲਤ ਅਤੇ ਅਨੁਚਿਤ ਬੋਲਦਾ ਸੀ।

ਉਨ੍ਹਾਂ ਨੇ ਬਜ਼ੁਰਗ ਸ਼੍ਰੀਮਤੀ ਮਾਤਾ ਵਿਦਿਆਵਤੀ ਜੀ ਖੇੜਾ ਦੇ ਚਰਨਾਂ ਵਿੱਚ ਵੀ ਪ੍ਰਣਾਮ ਕੀੱਤਾ ਕਿ ਜਿੰਨਾ ਨੇ ਇਸ ਦਰ ਨਾਲ ਮੈਨੂੰ ਜੋੜਿਆ ਹੈ। ਉਨ੍ਹਾਂ ਦਾ ਕਰਜਾ ਵੀ ਕਦੇ ਨਹੀਂ ਚੁਕਾ ਸਕਦਾ। ਆਪਣਾ ਅਦਨਾ ਰੂਪ ਦਿਖਾਈ ਦਿੰਦਾ ਰਿਹਾ ਹੈ। ਹੁਣ ਤਾਂ ਆਪਣੀ ਮਾਤਾ ਜੀ ਦੀ ਪੂਜਾ ਕਰਨ ਨੂੰ ਦਿਲ ਕਰਦਾ ਹੈ। ਇਹ ਕਹਿੰਦੇ ਹੋਏ ਬੇਬਸ ਫੁਟ ਪਏ ਅਤੇ ਜਾਕੇ ਆਪਣੀ ਮਾਤਾ ਜੀ ਨੇ ਚਰਨਾਂ ਵਿੱਚ ਢੇਰ ਹੋ ਗਏ ਅਤੇ ਦੇਰ ਤਕ ਹੰਝੂ ਬਹਾਉਂਦੇ ਰਹੇ। ਉਨ੍ਹਾਂ ਨੂੰ ਹਾਰ ਪਾਇਆ।

ਸ਼੍ਰੀਮਤੀ ਪ੍ਰਿ: ਸੁਰਜੀਤ ਬਰਾੜ ਜੀ :- (ਭਰੇ ਦਿਲ ਨਾਲ ਅਤੇ ਭਰੀਆਂ ਅੱਖਾਂ ਦੇ ਨਾਲ) ਪਹਿਲਾ ਅਵਸਰ ਹੈ ਕਿ ਜਦੋਂ ਮੇਰੇ ਮਾਤਾ ਪਿਤਾ ਇਸ ਦੁਨੀਆਂ ਵਿੱਚ ਨਹੀਂ ਹਨ। ਉਨ੍ਹਾਂ ਦੇ ਉਪਕਾਰਾਂ ਦਾ ਬਿਆਨ ਨਹੀਂ ਹੋ ਸਕਦਾ। ਮਾਤਾ ਪਿਤਾ ਨੇ ਕਮਾਲ ਦੀ ਵਿਰਾਸਤ ਦਿੱਤੀ ਹੈ, ਦਿਮਾਗ ਦਿੱਤੇ ਹਨ। ਉੱਚ ਭਾਂਵਾਂ ਦੀ ਪੂੰਜੀ ਦਿੱਤੀ ਹੈ। ਪਿਤਾ ਜੀ ਦਾ ਮਹਾਂਉਪਕਾਰ ਹੈ ਕਿ ਉਨ੍ਹਾਂ ਨੇ ਗੁਰੂ ਮਹਾਰਾਜ ਨਾਲ ਜੋੜਿਆ ਹੈ। ਇਸ ਕਾਰਨ ਹੀ ਅੱਜ ਇਸ ਤਰ੍ਹਾਂ ਦਾ ਮਹਿਸੂਸ ਹੋ ਰਿਹਾ ਹੈ। ਮਾਂ ਨੇ ਬੇਹੱਦ ਪਿਆਰ ਦਿੱਤਾ ਹੈ। ਮਾਤਾ ਜੀ ਨੇ ਸਾਨੂੰ ਸਿੱਖਿਆ ਦੇਣ ਦੇ ਲਈ ਬਹੁਤ ਕੁਰਬਾਨੀ ਕੀਤੀ ਹੈ। ਬੱਚਿਆਂ ਨੂੰ ਦਿੱਤਾ ਪਿਆਰ ਬਹੁਤਾ ਹੋ ਕੇ ਸਾਨੂੰ ਵਾਪਿਸ ਮਿਲ ਰਿਹਾ ਹੈ। ਆਪਣੀਆਂ ਕਮਜ਼ੋਰਿਆਂ ਦੇ ਕਾਰਨ ਬੱਚੇ ਹੋਰ ਲਾਭ ਨਹੀਂ ਉਠਾ ਸਕੇ। ਬਹੁਤ ਕਠਿਨਾਈਆਂ ਵਿਚੋਂ ਗੁਜਰਕੇ ਮਾਂ ਬਾਪ ਨੇ ਸਾਨੂੰ ਪਾਲਿਆ ਹੈ। ਮਾਂ ਨੇ ਇਕ ਤਰਫ ਪਿਤਾ ਜੀ ਨੂੰ ਉਨ੍ਹਾਂ ਦੀ ਸਖ਼ਤ ਬਿਮਾਰੀ ਵਿੱਚ ਸੰਭਾਲਿਆ ਅਤੇ ਦੂਸਰੀ ਤਰਫ ਫਾਰਮ ਨੂੰ ਸੰਭਾਲਿਆ ਅਤੇ ਸਾਡੀ ਪੜਾਈ ਨੂੰ ਬਰਾਬਰ ਜਾਰੀ ਰਖਿਆ। ਅੱਜ ਦੇ ਦਿਨ ਉਨ੍ਹਾਂ ਨੂੰ ਯਾਦ ਕਰਕੇ ਸ਼ਰਧਾਜੰਲੀ ਦਿੰਦੀ ਹਾਂ। ਉਨ੍ਹਾਂ ਨੂੰ ਕਦੇ ਉੱਚਾ ਬੋਲਣ ਅਤੇ ਖਰਾਬ ਵਿਵਹਾਰ ਦੇਣ ਤੋਂ ਬਚੀ ਰਹੀ ਹਾਂ। ਅੱਜ ਦੇ ਦਿਨ ਬੱਚਿਆਂ ਨੂੰ ਬੜਾ ਯਾਦ ਕੀਤਾ ਹੈ। ਬੱਚੇ ਹਮੇਸ਼ਾ ਸਾਡੀ ਸਿਹਤ ਦਾ, ਦਵਾਈ ਦਾ, ਸੁੱਖ ਦਾ ਬੇਹੱਦ ਖਿਆਲ ਰੱਖਦੇ ਹਨ। ਬਚਪਣ ਵਿੱਚ ਸਮਾਜ ਦੇ ਵਾਤਾਵਰਨ ਤੋਂ ਜੋ ਸਿਖਿਆ ਪਾਈ ਹੈ ਉਸ ਦਾ ਲਾਭ ਹੁਣ ਮਹਿਸੂਸ ਕਰਦੇ ਹਨ। ਮੇਰੀ ਪੋਤੀ ਫੇਥ ਸਾਨੂੰ ਬਹੁਤ ਪਿਆਰ ਕਰਦੀ ਹੈ। ਦੁੱਖੀ ਹੋਣ ਨਹੀਂ ਦਿੰਦੀ। ਇਹ ਬਹੁਤ ਕੀਮਤੀ ਹੈ ਮਾਤਾ ਪਿਤਾ ਦੇ ਲਈ। ਬਚਿੱਆ ਦੇ ਸ਼ੁਭ ਦੇ ਲਈ ਸਦਾ ਕਾਮਨਾ ਨਿਕਲਦੀ ਹੈ।

ਦੋਪਹਿਰ ਦੇ ਇੱਕ ਵੱਜਣ ਵਾਲੇ ਸਨ। ਸਭਾਪਤੀ ਜੀ ਨੇ ਸੁਭਾਗਵਾਨ ਸੰਤਾਨ ਨੂੰ ਜਿਨ੍ਹਾਂ ਦੇ ਮਾਤਾ ਪਿਤਾ ਮੌਜੂਦ ਹਨ, ਉਨ੍ਹਾਂ ਦਾ ਅਰਚਨ ਕਰਨ ਅਤੇ ਪ੍ਰਣਾਮ ਕਰਨ ਦੀ ਪ੍ਰੇਰਣਾ ਕੀੱਤੀ। ਇਸ ਤੇ ਸੱਭ ਨੇ ਇੱਕ ਇੱਕ ਕਰਕੇ ਪ੍ਰਣਾਮ ਦਾ ਸਾਧਨ ਕੀੱਤਾ। ਬਹੁਤ ਹੀ ਸਵਰਗੀ ਦ੍ਰਿਸ਼ ਪੈਦਾ ਹੋਇਆ। ਡਾਕਟਰ ਖੇੜਾ ਅਤੇ ਉਨ੍ਹਾਂ ਦੇ ਭੈਣ ਜੀ ਪ੍ਰਿ: ਸ਼ਸ਼ੀ ਬਾਲਾ ਜੀ ਨੇ ਜਿਸ ਪ੍ਰਕਾਰ ਭਰੇ ਦਿਲ ਨਾਲ ਆਪਣੀ ਮਾਤਾ ਜੀ ਨੇ ਚਰਨਾਂ ਵਿਚ ਗਿਰ ਕੇ ਅਤੇ ਉਨ੍ਹਾਂ ਦੇ ਗੱਲੇ ਲੱਗ ਕੇ ਸਨਮਾਨ ਦਿੱਤਾ ਉਸ ਦਾ ਦ੍ਰਿਸ਼ ਪੇਸ਼ ਨਹੀਂ ਕੀਤਾ ਜਾ ਸਕਦਾ। ਇੱਕ ਬਹੁਤ ਮਾਨਨੀਯ ਅਫਸਰ ਜੋ ਪਹਿਲੀ ਵਾਰ ਹੀ ਆਪਣੇ ਪਰਿਵਾਰ ਸਮੇਤ ਸਭਾ ਵਿੱਚ ਸ਼ਾਮਿਲ ਹੋਏ ਸੀ ਫੁੱਟ ਫੁੱਟ ਕੇ ਰੋ ਕੇ ਸਭਾਪਤੀ ਜੀ ਦੇ ਚਰਨਾਂ ਵਿਚ ਝੁੱਕ ਰਹੇ ਸਨ। ਇਸ ਤੋਂ ਬਾਅਦ ਜੈ ਧਵਨੀ ਕੀਤੀ ਗਈ। ਇਸ ਤੋਂ ਬਾਅਦ ਸਭ ਦੀ ਦੁੱਧ ਤੇ ਮਿਠਾਈ ਆਦਿ ਨਾਲ ਸੇਵਾ ਕੀੱਤੀ ਗਈ। ਹਿਰਦੇ ਸਭ ਭਰੇ ਹੋਏ ਸਨ ਅਤੇ ਗੁਰੂ ਮਹਾਰਾਜ ਨੂੰ ਧੰਨ ਧੰਨ ਕਹਿ ਰਹਿ ਸਨ। 1:30 ਵਜੇ ਦੇ ਲਗਭਗ ਹਾਰਜੀਨ ਆਪਣੇ ਸਥਾਨਾਂ ਨੂੰ ਪਧਾਰੇ।

ਵਿਸਫੋਟਕ-ਬਿਰਤੀ

ਇਕ ਨਵਯੁਵਕ ਵਕੀਲ ਨੇ ਆਪਣੇ ਦਫਤਰ ਦੀ ਕੁਰਸੀ ਤੇ ਬੈਠਦਿਆਂ ਆਪਣੇ ਘਰੇਲੂ ਨੌਕਰ ਨੂੰ ਕਿਹਾ, "ਪਾ... ਸਿੰਘ, ਕੀ ਤੁਸੀਂ ਕਿਰਪਾ ਕਰਕੇ ਮੇਰੀ ਚਪਲ ਉਪਰਲੀ ਮੰਜਲ ਤੋਂ ਲਿਆ ਸਕੋਗੇ।" ਉਸ ਆਪਣੇ ਬੂਟਾਂ ਦੇ ਤਸਮੇਂ ਖੋਹਲੇ ਤੇ ਜੁਰਾਬਾਂ ਉਤਾਰ ਦਿੱਤੀਆਂ। ਏਨ੍ਹੇ ਨੂੰ ਪਾ... ਸਿੰਘ ਨੇ ਚਪਲਾਂ ਲਿਆ ਕੇ ਵਕੀਲ ਸਾਹਿਬ ਦੇ ਸਾਮ੍ਹਣੇ ਰੱਖ ਦਿੱਤੀਆਂ। ਵਕੀਲ ਨੇ ਨਵਯੁਵਕ ਨੂੰ ਧੰਨਵਾਦ ਕਿਹਾ। ਪਾ... ਸਿੰਘ ਆਪਣੇ ਆਪ ਹੀ ਬੂਟ ਜੁਰਾਬਾਂ ਉਪਰ ਚੁੱਕ ਲੈ ਗਿਆ।

ਇਕ ਨਵਯੁਵਕ ਡਾਕਟਰ, ਬਾਹਰੋਂ ਘਰ ਪਰਤੇ ਸਨ। ਉਨ੍ਹਾਂ ਕੋਲ ਕਾਫੀ ਸਾਮਾਨ ਸੀ। ਉਨ੍ਹਾਂ ਦਾ ਘਰੇਲੂ ਨੌਕਰ ਸਾਰਾ ਸਾਮਾਨ ਚੁੱਕ ਕੇ ਡਾਕਟਰ ਸਾਹਿਬ ਦੇ ਘਰ ਅੰਦਰ ਲਿਜਾਣ ਲੱਗਿਆ। ਡਾ: ਆਪਣੇ ਕਮਰੇ ਵਿੱਚ ਜਾ ਕੇ ਆਪਣੇ ਵਸਤਰ ਉਤਾਰਨ ਲੱਗੇ ਤਾਂ ਏ ਨੇ ਨੂੰ ਨੌਕਰ ਸਾਮਾਨ ਲੈਕੇ ਉਨ੍ਹਾਂ ਦੇ ਪਾਸ ਕਮਰੇ ਵਿੱਚ ਆ ਗਿਆ। ਡਾਕਟਰ ਸਾਹਿਬ, ਉਸ ਨੂੰ ਵੇਖ ਖ਼ਫਾ ਖ਼ੂਨ ਹੋ ਉਠੇ ਤੇ ਦਹਾੜ ਕੇ ਬੋਲੇ, ਬੇਵਕੂਫ, ਗਧੇ, ਜਾਨਵਰ ਐਨਾ ਨਹੀਂ ਪਤਾ ਸਾਮਾਨ ਕਿੱਥੇ ਰੱਖਣਾ ਹੈ?

ਇਕ ਨਵਯੁਵਕ ਇੰਜਨੀਅਰ ਨੂੰ ਭੁਖ ਲਗੀ ਹੋਈ ਸੀ, ਰਾਤ ਦੇ ਖਾਣੇ ਦਾ ਵਕਤ ਸੀ, ਉਸ ਆਪਣੇ ਰਸੋਈਏ ਨੂੰ ਕਿਹਾ, "ਕਿਉਂ ਬਈ ਅਜ ਕੀ ਸਬਜ਼ੀ ਬਣਾਈ ਹੈ" ਨੌਕਰ ਨੇ ਦੱਸਿਆ ਕਿ ਜਨਾਬ ਮਟਰ ਪਨੀਰ ਬਨਾਇਆ ਹੈ" ਫੇਰ ਨਵਯੁਵਕ ਨੇ ਪੁੱਛਿਆ ਬਈ ਸਵੇਰ ਵਾਂਗ ਤਾਂ ਨਹੀਂ ਬਣੀ ਹੋਈ? ਪਾਸ ਬੈਠੇ ਇਕ ਸਾਥੀ ਨੇ ਆਪਣੇ ਇੰਜਨੀਅਰ ਦੋਸਤ ਤੋਂ ਪੁਛਿਆ, ਕਿ ਸਵੇਰੇ ਕੀ ਬਣਿਆਂ ਸੀ। ਉਸ ਦੱਸਿਆ ਕਿ ਕਰੇਲੇ ਬਣਾਏ ਸਨ ਤਰੀ ਵਾਲੇ, ਮੈਂ ਉਹ ਬਿਲਕੁਲ ਖਾ ਨਹੀਂ ਸਕਿਆ। ਪਾਣੀ ਦਹੀਂ ਨਾਲ ਕੰਮ ਚਲਾਇਆ। ਸਾਥੀ ਨੇ ਕਿਹਾ, ਤੁਸੀਂ ਨੌਕਰ ਨੂੰ ਚੰਗੀ ਤਰ੍ਹਾਂ ਡਾਂਟਣਾ ਸੀ। ਇਸ ਤੇ ਨਵਯੁਵਕ ਇੰਜਨੀਅਰ ਨੇ ਕਿਹਾ, 'ਮੈਂ ਤਾਂ ਸਿਰਫ ਏਨਾ ਹੀ ਕਹਿ ਸਕਦਾ ਸਾਂ, ਕਿ ਬਈ ਸਬਜ਼ੀ ਠੀਕ ਨਹੀਂ ਬਣੀਂ, ਮੈਨੂੰ ਇਸ ਨਾਲ ਖਾਣ ਵਿੱਚ ਤਰਲੀਫ ਹੋਈ ਹੈ' ਇਸ ਤੋਂ ਵਧੇਰੇ ਕੁਝ ਕਹਿਣ ਦਾ ਨਾ ਤਾਂ ਕੋਈ ਅਧਿਕਾਰ ਹੀ ਹੈ, ਅਤੇ ਨਾ ਕੋਈ ਦੋਨਾਂ ਧਿਰਾਂ ਚੋਂ ਕਿਸੇ ਇਕ ਦਾ ਵੀ ਫਾਇਦਾ।

ਤਿੰਨ ਪ੍ਰੋਫੈਸ਼ਨਲ ਨੌਜਵਾਨਾਂ ਦਾ ਪ੍ਰਤੀ ਕ੍ਰਮ ਵੱਖੋ ਵੱਖਰਾ ਹੈ। ਆਪਣੇ ਨਿੱਜੀ ਜਾਤੀ ਘਰੇਲੂ ਨੌਕਰ ਨਾਲ ਉਨ੍ਹਾਂ ਦਾ ਵਿਵਹਾਰ ਵੱਖ ਵੱਖ ਹੈ।

ਵਕੀਲ ਸਾਹਿਬ ਨੇ ਨੌਕਰ ਨੂੰ ਹਲੀਮੀ ਨਾਲ ਸੰਬੋਧਨ ਕਰਕੇ ਆਪਣਾ ਕੰਮ ਲੈ ਲਿਆ, ਦੋਵੇਂ ਪ੍ਰਸੰਨ ਰਹੇ।

ਡਾਕਟਰ ਸਾਹਿਬ ਨੇ ਨੌਕਰ ਨੂੰ ਡਾਂਟ ਪਾਈ ਤੇ ਉੱਲੂ ਗਧਾ ਪਸ਼ੂ ਆਦਿ ਦੀ ਸੰਘਿਆ ਦੀ ਵਰਤੋਂ ਕੀਤੀ : ਦੋਵੇਂ ਦੁਖੀ ਤੇ ਸੜੂੰ ਸੜੂੰ ਕਰਦੇ ਰਹੇ।

ਇੰਜਨੀਅਰ ਸਾਹਿਬ ਨੌਕਰ ਦੀ ਸਬਜ਼ੀ ਤੋਂ ਦੁਖੀ ਤਾਂ ਰਹੇ ਭੁੱਖੇ ਵੀ ਰਹੇ, ਐਪਰ ਉਨ੍ਹਾਂ ਨੌਕਰ ਨੂੰ ਆਪਣੇ ਦੁਖ ਦਾ ਸ਼ਿਕਾਰ ਨ ਬਣਾਇਆ, ਸਗੋਂ ਆਪਣੇ ਦੁਖ ਨੂੰ, ਨੌਕਰ ਦੀ ਅਬੋਧਤਾ ਤੇ ਗਲਤੀ ਨੂੰ ਨਜ਼ਰ ਅੰਦਾਜ਼ ਕਰਕੇ ਸਹਿ ਗਏ। ਮੁਲਾਇਮ ਸ਼ਬਦਾਂ ਨਾਲ ਆਪਣੇ ਦੁੱਖ ਨੂੰ ਪ੍ਰਗਟ ਵੀ ਕਰ ਦਿੱਤਾ। ਤਿੰਨ ਨੌਜਵਾਨ ਵਿਅਕਤੀਆਂ ਦਾ ਆਪਣੇ ਨਿੱਜੀ ਨੌਕਰਾਂ ਪ੍ਰਤੀ ਵਿਹਾਰ ਵੱਖ ਵੱਖ ਹੈ। ਇਸ ਦਾ ਕਾਰਨ ਕੀ ਹੈ?

ਹਰ ਮਨੁੱਖ ਆਪਣੇ ਮਨ ਵਿਖੇ ਆਪਣੇ ਆਪ ਨੂੰ ਬਹੁਤ ਵੱਡਾ ਵਿਅਕਤੀ ਸੋਚਦਾ ਹੈ। ਕੋਈ ਮਨੁੱਖ ਵੀ ਆਪਣੇ ਆਪ ਨੂੰ ਛੋਟਾ ਤੇ ਹੀਨ ਨਹੀਂ ਵੇਖਦਾ ਤੇ ਵਿਸ਼ਵਾਸ ਕਰਦਾ। ਹਕੀਕਤ ਤੋਂ ਉਲਟ ਹਰ ਮਨੁੱਖ ਜਾਂ ਇਸਤਰੀ ਆਪਣੇ ਆਪ ਨੂੰ ਵਡਾ ਨਵਾਬ ਸਰਦਾਰ ਜਾਂ ਰਾਜਾ ਸਮਾਨ ਵੇਖਦੇ ਤੇ ਵਿਸ਼ਵਾਸ਼ ਕਰਦੇ ਹਨ! ਇਸ ਲਈ ਉਹ ਦੂਜੇ ਦੇ ਸਬੰਧ ਵਿਚ ਵਿਹਾਰ ਕਰਦੇ ਹੋਏ ਦੂਜੇ ਨੂੰ ਕੁਝ ਵੀ ਨਾ ਸਮਝ ਕੇ, ਹਾਕਮੀ ਤੇ ਧੌਂਸ

ਭਰਿਆ ਵਿਹਾਰ ਹੀ ਕਰਦੇ ਹਨ। ਆਪਣੇ ਆਪ ਨੂੰ ਬਹੁਤ ਉੱਚਾ ਬਣਾ ਕੇ ਕੋਈ ਵਿਅਕਤੀ ਵੀ ਦੂਜਿਆਂ ਪ੍ਰਤੀ ਠੀਕ ਵਿਹਾਰ ਨਹੀ ਕਰ ਸਕਦਾ ਅਤੇ ਜੇ ਕੋਈ ਵਿਅਕਤੀ ਥੋੜੀ ਮੋਟੀ ਗਲਤੀ ਕਰ ਬੈਠੇ, ਤਾਂ ਅਸੀਂ ਰਾਜੇ ਤੇ ਨਵਾਬ ਵਾਂਗ ਉਸ ਨੂੰ ਝਾੜ ਝੰਬ ਕਰਦੇ ਹਾਂ। ਗਲਤੀ ਕਰਨ ਵਾਲਾ ਮਨੁਖ ਸਾਡੇ ਗੁੱਸੇ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਜਾਂਦਾ ਹੈ।

ਕਿਸੇ ਵਲੋਂ ਸਾਡੇ ਕਿਸੇ ਪਿਆਰੇ ਸੁਖ ਤੇ ਚੋਟ ਲੱਗਣ ਸਾਰ ਹੀ, 'ਸਾਡੀ ਮੱਤ ਪੁਠੀ ਹੋ ਜਾਂਦੀ ਹੈ। ਅਸੀਂ ਝੱਟ ਦੂਜੇ ਨੂੰ ਦੁਸ਼ਮਣ ਦੇ ਰੂਪ ਵਿੱਚ ਵੇਖਣ ਲਈ ਬੇ-ਵਸ ਹੋ ਜਾਂਦੇ ਹਾਂ। ਉਸ ਦੇ ਗੁਣ ਤੇ ਉਪਕਾਰ ਖਿਣ ਵਿੱਚ ਲੋਪ ਹੋ ਜਾਂਦੇ ਹਨ, ਅਤੇ ਉਹ ਨਿਰਾ ਸ਼ਤਰੂ ਹੀ ਸ਼ਤਰੂ ਦਿਖਦਾ ਹੈ, ਅਤੇ ਅਸੀਂ ਉਸ ਨੂੰ ਸ਼ਤਰੂਆਂ ਵਾਲਾ ਵਿਹਾਰ ਹੀ ਦੇਂਦੇ ਹਾਂ, ਹਾਂ ਹੋਰ ਕੋਈ ਵਿਹਾਰ ਦੇ ਹੀ ਨਹੀਂ ਸਕਦੇ। ਸਾਡੇ ਸੁਖ ਤੇ, ਸਾਡੀ ਮਰਜ਼ੀ ਜਾਂ ਇੱਛਾ ਤੇ, ਸਾਡੇ ਮਾਨ ਸਨਮਾਨ ਤੇ ਚੋਟ ਲਾਉਣ ਵਾਲਾ ਵਿਅਕਤੀ, ਭਾਵੇਂ ਸਾਡਾ ਵੱਡਾ ਉਪਕਾਰੀ ਜਾਂ ਹਿੱਤਕਾਰੀ ਵੀ ਕਿਉਂ ਨਾ ਹੋਵੇ, ਅਸੀਂ ਉਸ ਨੂੰ ਝੱਟ ਸ਼ਤਰੂ ਦੇ ਰੂਪ ਵਿੱਚ ਵੇਖ ਕੇ ਉਸਨੂੰ ਦੁਸ਼ਮਣਾਂ ਵਾਲਾ ਵਿਹਾਰ, ਮੰਦੇ ਤੇ ਕਟੂ ਬੋਲ, ਸਲਵਾਤਾਂ, ਤਾਅਨੇ ਮਿਹਣੇ, ਅਭੱਦਰ ਤੇ ਅਸ਼ਿਸ਼ਟ ਸ਼ਬਦ-ਦੇਣ ਲਈ ਬੇਬੱਸ ਹੋ ਜਾਂਦੇ ਹਾਂ।

ਘਰ ਦੇ ਨਿੱਜੀ ਨੌਕਰ ਨੂੰ ਤਾਂ ਅਸੀਂ ਕਿਸੇ ਵੀ ਗਿਣਤੀ ਵਿੱਚ ਸ਼ੁਮਾਰ ਨਹੀਂ ਕਰਦੇ। ਕਮਜ਼ੋਰ ਉੱਤੇ ਗੁਸਾਂ ਵਧੇਰੇ ਆਉਂਦਾ ਹੈ। ਕਿਉਂ ਜੋ ਉਸ ਤੋਂ ਕਿਸੇ ਵੀ ਹਾਨੀ ਦੀ ਉਮੀਦ ਨਹੀਂ ਹੁੰਦੀ।

ਆਪਣੇ ਕਿਸੇ ਵੀ ਸੁਖ ਤੇ ਚੋਟ ਖਾ ਕੇ ਨਫਰਤ ਦੂਰੀ ਨਾਲ ਭਰ ਜਾਣਾ, ਉਸ ਦੇ ਸਾਹਮਣੇ ਨਾਂ ਹੋਣਾ, ਬਾਤ ਚੀਤ ਕਰਨਾ ਨਾ ਚਾਹੁਣਾ, ਮੂੰਹ ਫੇਰ ਲੈਣਾ, ਦੁਆ ਸਲਾਮ ਨ ਮੰਨਣਾ। ਅੰਦਰ ਭੈੜੀਆਂ ਚਿੰਤਾਵਾਂ ਦੀ ਖਿਚੜੀ ਪਕਾਉਣਾ ਤੇ ਚੋਟ ਮਾਰਨ ਵਾਲੇ ਵਿਅਕਤੀ ਨੂੰ ਹਾਨੀ ਪਹੁੰਚਾਉਣ ਦੀਆਂ ਸਕੀਮਾਂ ਸੋਚਣੀਆਂ, ਆਪ ਵੀ, ਅੰਦਰ ਤੋਂ ਬਹੁਤ ਦੁਖੀ ਤੇ ਕਚੂਚ ਹੋਣਾ, ਇਹ ਸੱਭੇ ਲੱਛਣ ਨੀਚ ਘਿਰਨਾ ਦੇ ਹਨ। ਹਰ ਮਨੁੱਖ ਅਕਸਰ ਇਸ ਦਾ ਸ਼ਿਕਾਰ ਹੈ। ਹਰ ਵਿਅਕਤੀ ਦੇ ਅੰਦਰ ਨੀਚ ਘਿਰਨਾ ਦੀ ਅੱਗ ਬਲਦੀ ਹੈ, ਤੇ ਉਹ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਵੀ ਝੁਲਸਣ ਦਾ ਕੰਮ ਕਰਦੀ ਹੈ। ਹਰ ਵਾਂਛਤ ਸੁਖ ਦੇ ਖੋਹੇ ਜਾਣ ਨਾਲ ਨੀਚ ਘਿਰਨਾ ਉਪਜਦੀ ਹੈ ਤੇ ਸਾਡੇ ਵਜੂਦ ਨੂੰ ਆਪਣੀ ਅੱਗ ਦੀ ਲਪੇਟ ਵਿੱਚ ਲੈ ਲੈਂਦੀ ਹੈ। ਉਪ੍ਰੋਕਤ ਯੁਵਕ ਡਾਕਟਰ ਇਹ ਨਹੀਂ ਸੀ ਚਾਹੁੰਦਾ ਕਿ ਹਰ ਪ੍ਰਕਾਰ ਦਾ ਸਮਾਨ ਨੌਕਰ ਉਸਦੇ ਕਮਰੇ ਅੰਦਰ ਚੁੱਕ ਕੇ ਲੈ ਆਵੇ। ਇਸ ਲਈ ਜਦ ਨੌਕਰ ਨੇ ਉਸਦੀ ਇੱਛਾ ਤੇ ਮਰਜ਼ੀ ਦੇ ਵਿਰੁੱਧ ਗੱਲ ਕੀਤੀ ਉਸਨੂੰ ਚੋਟ ਲਗੀ। ਉਸਨੂੰ ਨੌਕਰ ਸਾਥੀ ਮਨੁੱਖ, ਸੇਵਾਕਾਰੀ ਪ੍ਰਾਣੀ, ਮੁਫੀਦ ਅੰਗ ਅਤੇ ਉਪਕਾਰੀ ਦਿਖਣ ਦੀ ਥਾਂ ਉਸਨੂੰ ਉਹ ਮੂਰਖ, ਗਧਾ, ਅਬੋਧੀ ਤੇ ਜਾਹਿਲ ਦਿਸਣ ਲੱਗ ਪਿਆ, ਜਿਸ ਕਾਰਨ ਉਸ ਨੇ ਉਸ ਤੇ ਕਈ ਅਨੁਚਿਤ ਸੰਘਿਆਵਾਂ ਦੀ ਬਾਰਿਸ਼ ਕਰ ਦਿੱਤੀ। ਦੂਜੇ ਸਾਥੀਆਂ ਇਹ ਕੁਝ ਨਹੀਂ ਕੀਤਾ, ਉਨ੍ਹਾਂ ਦਾ ਪ੍ਰਤੀ ਕ੍ਰਮ ਵੱਖਰਾ ਸੀ। ਉਨ੍ਹਾਂ ਅੰਦਰ ਅਜੇ ਅਹੰ-ਜਾਤ ਘਮੰਡ ਤੇ ਘਿਰਨਾ ਉਨੀ ਨਹੀਂ ਵਧੀ ਸੀ। ਉਹ ਆਪਣੇ ਆਪ ਨੂੰ ਅਜੇ ਬੇਹਦ ਵੱਡਾ ਤੇ ਮਹਾਨ ਨਹੀਂ ਵੇਖਦੇ ਸੀ ਅਤੇ ਉਨ੍ਹਾਂ ਨੂੰ ਆਪਣਾ ਨੌਕਰ, ਉਸਦੀ ਮੁਫੀਦ ਸਹਾਇਤਾ ਤੇ ਸੇਵਾ ਯਾਦ ਸੀ, ਉਹ ਉਸਦੀ ਹੋਂਦ ਨੂੰ ਮੰਨਦੇ ਸਨ, ਇਸ ਲਈ ਉਨ੍ਹਾਂ ਉਸ ਪ੍ਰਤੀ ਉਹ ਵਿਹਾਰ ਨਹੀਂ ਦਿੱਤਾ ਜੋ ਨਵਯੁਵਕ ਡਾਕਟਰ ਨੇ ਦਿੱਤਾ।

ਜਿਸ ਕਦਰ ਸਾਡੇ ਹਿਰਦੇ ਉਤੇ ਅਹੰ ਦਾ ਅਧਿਕਾਰ ਹੁੰਦਾ ਹੈ, ਘਮੰਡ ਤੇ ਨੀਚ ਘਿਰਨਾ ਦਾ ਅਧਿਕਾਰ ਹੁੰਦਾ ਹੈ, ਉਸੇ ਕਦਰ ਅਸੀਂ ਕਦਮ ਕਦਮ ਉਤੇ ਆਪਣੇ ਵਿਹਾਰ ਦੁਆਰਾ ਦੂਜਿਆਂ ਨੂੰ ਲਤਾੜਦੇ ਹਾਂ। ਅਪਮਾਨ ਕਰਦੇ ਹਾਂ, ਉਨ੍ਹਾਂ ਦੇ ਹੱਕਾਂ ਦਾ ਅਪਹਰਨ ਕਰਦੇ ਹਾਂ। ਕਟੂ, ਅਭੱਦਰ ਤੇ ਅਸ਼ਿਸਟ ਸ਼ਬਦ ਵਰਤਦੇ ਹਾਂ। ਦੂਜਿਆਂ ਪ੍ਰਤੀ ਸਾਡਾ ਉੱਚਾ ਬੋਲ ਹੀ ਅਕਸਰ

ਸਾਡੇ ਘਮੰਡ ਤੇ ਨੀਚ ਘਿਰਨਾ ਦਾ ਪ੍ਰਕਾਸ਼ ਹੁੰਦਾ ਹੈ, ਸਾਨੂੰ ਦੂਜੇ ਖਰਾਬ ਦਿਖਦੇ ਹਨ ਆਪਣਾ ਆਪ ਖਰਾਬ ਦਿਸਣ ਦੀ ਥਾਂ ਚੰਗਾ ਠੀਕ ਤੇ ਉਚਿਤ ਅਤੇ ਨਿਰਦੋਸ਼ ਹੀ ਦਿਖਦਾ ਹੈ।

ਹਰ ਪ੍ਰਾਣੀ ਅਕਸਰ ਅੰਧਕਾਰ ਦਾ ਜੀਵ ਹੈ ਅਤੇ ਅੰਧਕਾਰ ਵਿਚ ਆਪਣੀਆਂ ਕਿਰਿਆਵਾਂ ਨਾਲ ਪੈਰਾਂ ਤੇ ਖੁਦ ਕੁਹਾੜੀ ਚਲਾ ਰਿਹਾ ਹੈ। ਗੁਰੂ ਮਹਾਰਾਜ ਦੀ ਰੋਸ਼ਨੀ ਦੀ ਕਿਰਨ ਮਿਲਣ ਤੇ ਸਾਫ ਦਿਖਦਾ ਹੈ ਕਿ ਅਸੀਂ ਸਭੇ ਅੰਧਕਾਰ ਵਿਚ ਹਾਂ। ਰਾਤ ਦੇ ਹਨੇਰੇ ਦਾ ਅਨੁਭਵ ਤਾਂ ਸਾਨੂੰ ਹੈ ਪਰ ਹਿਰਦੇ ਦੇ ਹਨ੍ਹੇਰੇ ਦਾ ਅਨੁਭਵ ਨਹੀਂ ਹੈ। ਇਕ ਸਾਧੂ, ਜਿਸਨੇ ਸ਼ੇਰ ਪਾਲਿਆ ਹੋਇਆ ਸੀ। ਸ਼ੇਰ ਉਸਨੂੰ ਪਿਆਰ ਨਾਲ ਚੱਟਦਾ ਸੀ। ਇਕ ਦਿਨ ਸੁੱਤੇ ਪਏ ਸਾਧੂ ਨੂੰ ਸ਼ੇਰ ਚੱਟ ਰਿਹਾ ਸੀ, ਕਿ ਹੱਥ ਨੇੜੇ, ਠੀਕ ਹੋ ਰਹੇ ਜ਼ਖਮ ਤੇ ਉਸਦੀ ਜੁਬਾਨ ਲੱਗੀ। ਰਗੜ ਨਾਲ ਉਸਦੇ ਜ਼ਖਮ ਚੋਂ ਖੂਨ ਸਿੰਮ ਆਇਆ, ਜੋ ਸ਼ੇਰ ਨੂੰ ਚੰਗਾ ਲੱਗਿਆ-ਸਾਧੂ ਨੇ ਹੱਥ ਕਸੀਸ ਵੱਟ ਕੇ ਖਿਚ ਲਿਆ-ਸ਼ੇਰ ਆਪਣਾ ਸੁਖ ਖਿੱਚੀਦਾ ਦੇਖ ਪਾਗਲ ਹੋ ਉਠਿਆ ਅਤੇ ਉਸ ਸਾਧੂ ਨੂੰ ਖਾ ਗਿਆ। ਜਦੋਂ ਸੁਖ ਸਵਾਦ ਆਰਾਮ ਖੋਹਿਆ ਗਿਆ ਤਾਂ ਸ਼ੇਰ ਮਾਲਕ ਦੀਆਂ ਸੇਵਾਵਾਂ, ਪਿਆਰ ਨੂੰ ਭੁਲ ਕੇ ਫੇਰ ਦਰਿੰਦਾ ਬਣ ਗਿਆ ਤੇ ਮਾਲਕ ਨੂੰ ਸ਼ਤਰੂ ਰੂਪ ਵਿਚ ਦੇਖਣ ਲੱਗਾ। ਅਸੀਂ ਵੀ ਇਵੇਂ ਹੀ ਕਰਦੇ ਹਾਂ ਤੇ ਇਹੀ ਹਨੇਰਾ ਹੈ। ਜਿਵੇਂ ਹੀ ਸਾਡੀ ਇੱਛਾ ਤੇ ਕੋਈ ਸਾਡਾ ਹਿਤੈਸ਼ੀ ਵੀ ਰੁਕਾਵਟ ਪਾਂਦਾ ਹੈ ਤਾਂ ਅਸੀਂ ਸ਼ੇਰ ਦੀ ਤਰ੍ਹਾਂ ਖੂੰਖਾਰ ਹੋ ਜਾਂਦੇ ਹਾਂ। ਸਾਡੀ ਦ੍ਰਿਸ਼ਟੀ ਉਲਟੀ ਹੋ ਜਾਂਦੀ ਹੈ। ਉਲਟੀ ਦ੍ਰਿਸ਼ਟੀ ਦਾ ਮਤਲਬ ਹੈ ਆਪਣਿਆਂ ਨੂੰ ਬੇਗ਼ਾਨਾ ਸਮਝਣਾ, ਹਿਤੈਸ਼ੀ ਨੂੰ ਸ਼ਤਰੂ ਸਮਝਣਾ।

ਇਕ ਲੜਕੇ ਨੇ ਹਿਪੀਕੱਟ ਲੰਮੇ ਲੰਮੇ ਵਾਲ ਰੱਖੇ ਹੋਏ ਸੀ। ਮਾਂ ਕਹਿ ਬੈਠੀ, 'ਬੇਟਾ ਤੇਰਾ ਇਹ ਊਟਪਟਾਂਗ ਜਿਹਾ ਵਾਲਾਂ ਦਾ ਢੰਗ ਮੈਨੂੰ ਬਿਲਕੁਲ ਪਸੰਦ ਨਹੀਂ। ਐਨੀ ਗੱਲ ਤੇ ਹੀ ਬੇਟਾ ਅੰਦਰੋਂ ਭਰੀ ਰੀਵਾਲਵਰ ਚੁੱਕ ਲਿਆਇਆ ਤੇ ਮਾਂ ਤੇ ਫਾਇਰ ਕਰ ਦਿੱਤਾ। ਉਫ! ਨੀਚ ਘਿਰਣਾਵਾਂ ਨਾਲ ਇਕ ਇਕ ਜਨ ਆਪਣੇ ਉਪਕਾਰੀਆਂ ਦੀ ਹਾਨੀ ਕਰ ਬੈਠਦਾ ਹੈ।

ਫਾਜ਼ਿਲਕਾ ਵਿਚ ਇਕ ਐਸ. ਡੀ. ਐਮ. ਦਾ ਇਕਲੌਤਾ ਬੇਟਾ ਕਾਲਜ ਵਿਚ ਪੜ੍ਹਦਾ ਸੀ। ਇਕ ਵਾਰ ਫੇਲ ਹੋਣ ਬਾਅਦ ਵੀ ਉਹ ਅਵਾਰਾਗਰਦ ਅਤੇ ਬੁਰੀ ਸੰਗਤ ਦਾ ਸ਼ਿਕਾਰ ਸੀ। ਟੈਸਟ ਵਿਚ ਉਹ ਫਿਰ ਫੇਲ ਸੀ। ਪਿਤਾ ਉਸਦਾ ਹਿਤੈਸ਼ੀ ਸੀ। ਇਕ ਦਿਨ ਜਦ ਪੁਤਰ ਦੋਸਤਾਂ ਨਾਲ ਘਰ ਆਇਆ ਤਾਂ ਪਿਤਾ ਨੇ ਉਸਨੂੰ ਆਵਾਰਾਗਰਦੀ ਤੇ ਪੜ੍ਹਾਈ ਤੋਂ ਲਾਪਰਵਾਹੀ ਲਈ ਡਾਂਟਿਆ। ਉਹ ਨਾਰਾਜ ਹੋਕੇ ਦੋਸਤਾਂ ਨਾਲ ਬਾਹਰ ਨਿਕਲ ਗਿਆ। ਨਾਲ ਦੇ ਮੁੰਡਿਆਂ ਭੜਕਾਇਆ ਕਿ ਜੇ ਅਸੀਂ ਹੁੰਦੇ ਤਾਂ ਐਹੋ ਜਿਹੇ ਪਿਓ ਨੂੰ ਸਿੱਧਾ ਕਰ ਦਿੰਦੇ। ਬੇਟੇ ਦੀ ਨੀਚ ਘਿਰਨਾ ਜਦ ਭੜਕੀ ਤਾਂ ਉਹ ਭੁਲ ਗਿਆ ਕਿ ਮੇਰੇ ਇਹ ਜਨਮਦਾਤਾ, ਪਾਲਣ ਕਰਤਾ, ਰੱਖਿਆ ਕਰਤਾ, ਸਿਖਿਆ ਦਾਤਾ ਉਪਕਾਰੀ ਹਿਤਕਾਰੀ ਹਨ। ਰਾਤ ਨੂੰ ਪਿਤਾ ਜਦੋਂ ਉਸਨੂੰ ਪਿਆਰ ਸਨੇਹ ਕਰ ਕੇ ਸੌਂ ਗਏ ਤਾਂ ਬੇਟੇ ਨੇ ਆਪਣੇ ਹਿਰਦੇ ਵਿਚ ਛਿਪੇ ਨੀਚ ਘਿਰਣਾ ਦੇ ਸੱਪ ਦੇ ਵੱਸ ਵਿਚ ਹੋ ਕੇ ਆਪਣੇ ਹਿਤਕਾਰੀ ਪਿਤਾ ਨੂੰ ਗੋਲੀ ਮਾਰ ਦਿੱਤੀ।

ਨੀਚ ਘਿਰਣਾ ਸਾਡੀ ਸ਼ੇਰ ਜੈਸੀ ਪ੍ਰਕਿਰਤੀ ਬਣਾ ਦਿੰਦੀ ਹੈ। ਜਦ ਸਾਡੇ ਮਾਨ-ਸਨਮਾਨ, ਇੱਛਾ, ਗਇ, ਸੁੱਖ ਆਰਾਮ ਤੇ ਚੋਟ ਲਗਦੀ ਹੈ ਤਾਂ ਅਸੀਂ ਨੀਚ ਘਿਰਣਾ ਨਾਲ ਭੜਕ ਉਠਦੇ ਹਾਂ। ਜਹੰਨੁਮ ਦਾ ਕਾਰਨ ਸਾਡੇ ਹਿਰਦੇ ਵਿਚ ਹੈ। ਸਾਡੀ ਇਕ ਇੱਛਾ ਪੂਰੀ ਨ ਹੋਏ, ਅਸੀਂ ਆਪਣੇ ਉਪਕਾਰੀਆਂ ਦੇ ਸਾਰੇ ਕੀਤੇ ਕਰਾਏ ਤੇ ਪਾਣੀ ਫੇਰ ਦਿੰਦੇ ਹਾਂ। ਨਾਸ਼ੁਕਰੇ ਬੱਚੇ ਤਾਂ ਮਾਂ ਬਾਪ ਨੂੰ ਇੱਥੋਂ ਤਕ ਕਹਿ ਦਿੰਦੇ ਹਨ ਕਿ ਤੁਸੀਂ ਸਾਡੇ ਲਈ ਕੀਤਾ ਹੀ ਕੀ ਹੈ?

ਸ਼੍ਰੀਮਾਨ ਗੁਰਬਖਸ਼ ਸਿੰਘ ਜੀ ਦੇ ਜੀਵਨ ਦੀ ਘਟਨਾ ਹੈ। ਜਦ ਉਹ ਹਲ ਚਲਾਉਂਦੇ ਸੀ ਤਾਂ ਉਨ੍ਹਾਂ ਦੇ

ਪਿਤਾ 2-3 ਵਜੇ ਜਗਾ ਦਿੰਦੇ ਸਨ। ਬਹੁਤ ਥੱਕ ਵੀ ਜਾਂਦੇ ਸੀ। ਕਿਸੇ ਨੇ ਉਂਜ ਹੀ ਇਕ ਦਿਨ ਪਿਤਾ ਜੀ ਨੂੰ ਕਹਿ ਦਿਤਾ ਕਿ ਉਨ੍ਹਾਂ ਦਾ ਬੇਟਾ ਸੌਂ ਰਿਹਾ ਹੈ ਜਦ ਕਿ ਸ਼੍ਰੀਮਾਨ ਜੀ ਹਲ ਚਲਾ ਰਹੇ ਸਨ। ਪਿਤਾ ਨੇ ਦੋ ਤਿੰਨ ਥੱਪੜ ਲਗਾ ਦਿਤੇ। ਉਹ ਸਾਰਾ ਦਿਨ ਰੋਂਦੇ ਰਹੇ, ਖਾਣਾ ਵੀ ਨਹੀਂ ਖਾਇਆ। ਬਾਹਰ ਚੌਂਕੜੀ ਤੇ ਬੈਠ ਕੇ ਉਨ੍ਹਾਂ ਨੂੰ ਰੋਂਦਾ ਦੇਖ ਕਿਸੇ ਨੇ ਉਹਨਾਂ ਦੇ ਪਿਤਾ ਜੀ ਦੇ ਖ਼ਿਲਾਫ ਝੱਟ ਕੁੱਝ ਕਹਿ ਦਿਤਾ। ਉਹਨਾਂ ਇਕ ਦਮ ਰੋਣਾ ਬੰਦ ਕਰਕੇ ਉਸਨੂੰ ਤਾੜਿਆ ਕਿ ਉਸਨੂੰ ਉਨ੍ਹਾਂ ਦੇ ਪਿਤਾ ਦੇ ਖ਼ਿਆਫ ਬੋਲਣ ਦਾ ਕੋਈ ਹੱਕ ਨਹੀਂ। ਦਿਨ ਭਰ ਜੋ ਨੀਚ ਘਿਰਨਾ ਦੇ ਕਾਰਨ ਪਿਤਾ ਬੁਰੇ ਨਜ਼ਰ ਆਉਂਦੇ ਰਹੇ ਇਸਦਾ ਜਿਕਰ ਰੋ ਰੋ ਕੇ ਬਾਅਦ ਵਿਚ ਸਭਾਂਵਾਂ ਵਿਚ ਉਹ ਕਰਦੇ ਰਹੇ।

ਜਦ ਅਸੀਂ ਖਾਣੇ ਵਿਚ ਸੱਚੇ ਨੁਕਸ ਵੀ ਵੇਖਦੇ ਹਾਂ ਅਤੇ ਸਾਡੇ ਸਵਾਦ ਸੁੱਖ ਤੇ ਚੋਟ ਪਹੁੰਚਦੀ ਹੈ ਤਾਂ ਅਸੀਂ ਮਿਨੀ ਸ਼ੇਰ ਹੋ ਜਾਂਦੇ ਹਾਂ। ਇਕ ਵੱਡੇ ਸਰਦਾਰ ਸਾਹਿਬ ਸਨ, ਆਪਣੇ ਘਰ ਦੇ ਖਾਣੇ ਵਿਚ ਨੁਕਸ ਦੇਖਕੇ, ਖਾਣੇ ਦੀ ਥਾਲੀ ਚਲਾ ਕੇ ਮਾਰਦੇ ਸਨ ਤੇ ਫਿਰ 15-15 ਦਿਨ ਇਕ ਜਾਂ ਦੂਜੇ ਜਨ ਦੇ ਘਰ ਖਾਣਾ ਖਾਂਦੇ ਰਹਿੰਦੇ ਸਨ। ਘਰ ਵਾਲੇ ਉਨ੍ਹਾਂ ਨੂੰ ਦੁਸ਼ਮਣ ਨਜ਼ਰ ਆਉਂਦੇ ਸੀ ਅਤੇ ਉਹਨਾਂ ਦੇ ਮੰਨਾਉਣ ਆਉਣ ਤੇ ਉਹ ਸੌ ਸੌ ਗੱਲਾਂ ਕਰਦੇ ਸਨ।

ਇਕ ਉਤਸਵ ਦੇ ਮੌਕੇ ਤੇ ਇਕ ਪ੍ਰਬੰਧਕ ਨੇ ਇਕ ਬਾਹਰੋਂ ਮੁਫਤ ਖੋਰੇ ਦੇ ਖਾਣਾ ਖਾਣ ਤੇ, ਇਕ ਨੌਜਵਾਨ ਨੂੰ ਦੋ ਚਾਰ ਲਾਈਆਂ। ਪ੍ਰਬੰਧਕ ਨੇ ਸੋਚਿਆ ਕਿ ਮੈਂ ਸਵਾਰਥੀਆਂ ਨੂੰ ਖਾਣਾ ਨਹੀਂ ਦੇਣਾ। ਮੁਫਤ ਖਾਣ ਵਾਲਿਆਂ ਨੂੰ ਨਹੀਂ ਪਾਲਣਾ। ਪਰ ਉਨ੍ਹਾਂ ਨੂੰ ਇਹ ਨਜ਼ਰ ਨਾ ਆਇਆ ਕਿ ਉਨ੍ਹਾਂ ਦਾ ਹੱਥ ਨੀਚ ਘਿਰਨਾ ਭੜਕਣ ਤੇ ਹੀ ਉਠਿਆ ਹੈ। ਜੋ ਕਿਸੇ ਦੂਜੇ ਜਨ ਦੀ ਪ੍ਰਾਰਥਣਾਂ ਤੇ ਹੀ ਰੁਕਿਆ। ਇਕ ਵਾਰ ਇਕ ਜਨ ਨੇ ਨੌਕਰ ਨੂੰ ਬੱਸ ਦਾ ਸਮਾਂ ਪਤਾ ਕਰਨ ਲਈ ਭੇਜਿਆ ਉਹ ਨੌਕਰ ਉਪਰੋਕਤ ਜਨ ਦੀ ਇਛਾ ਅਨੁਸਾਰ ਬਸ ਦੇ ਸਮੇਂ ਦਾ ਪਤਾ ਨਹੀਂ ਕਰ ਸਕਿਆ। ਇਸ ਤੇ ਉਸ ਨੌਕਰ ਦੇ ਸਭ ਗੁਣਾਂ, ਸੇਵਾਵਾਂ ਇਮਾਨਦਾਰੀ ਵਫਾਦਾਰੀ, ਨੇਕੀ ਨੂੰ ਭੁਲ ਕੇ ਮਾਲਕ ਨੇ ਨੀਚ ਘਿਰਣਾ ਨਾਲ ਭਰ ਕੇ ਖੂਬ ਖਰੀਆਂ ਖੋਟੀਆਂ ਸੁਣਾਈਆਂ।

ਇਸ ਤਰਾਂ ਦੀਆਂ ਸਾਡੇ ਜੀਵਨ ਵਿਚ ਹੋਣ ਵਾਲੀਆਂ ਘਟਨਾਵਾਂ ਸਾਡੀ ਨੀਚ ਘਿਰਣਾ ਦਾ ਪਰਿਣਾਮ ਹਨ। ਜਦ ਅਸੀਂ ਘਿਰਣਾਕਾਰੀ ਬਣ ਜਾਂਦੇ ਹਾਂ ਤਾਂ ਸਾਨੂੰ ਕਿਸੇ ਦੀ ਸ਼ਕਲ ਦੇਖਣ, ਗੱਲ ਕਰਨ ਮਿਲਣ ਜੁਲਣ ਨੂੰ ਜੀਅ ਨਹੀਂ ਕਰਦਾ। ਨੀਚ ਘਿਰਣਾ ਸਾਨੂੰ ਦੂਜਿਆਂ ਤੋਂ ਫਾੜ ਰੱਖਦੀ ਹੈ। ਸਾਨੂੰ ਹਿਤਕਾਰੀ ਉਪਕਾਰੀ ਨਜ਼ਰ ਨਹੀਂ ਆਉਂਦੇ, ਸਗੋਂ ਉਹ ਸ਼ਤਰੂ ਲੱਗਦੇ ਹਨ, ਦੂਜਿਆਂ ਨੂੰ ਸਿੱਧਾ ਕਰਨ ਦੇ ਚੱਕਰ ਵਿਚ ਅਸੀਂ ਖੁਦ ਵਿਗੜ ਜਾਂਦੇ ਹਾਂ। ਸਨਮਾਨ ਭਾਵੀ ਤੇ ਹਮਦਰਦ ਬਨਣ ਦੀ ਥਾਂ ਘਿਰਣਾਕਾਰੀ ਬਣ ਜਾਂਦੇ ਹਾਂ ਤੇ ਜੇ ਗਲਤੀ ਨਾਲ ਕਹਿਲਾਣ ਵਾਲਾ ਭਗਵਾਨ ਵੀ ਸਾਡੇ ਸੁਖਾਂ ਤੇ ਚੋਟ ਪੁਚਾਏ ਤਾਂ ਅਸੀਂ ਉਸਨੂੰ ਵੀ ਨਹੀਂ ਬਖ਼ਸ਼ਦੇ। ਆਪਣੇ ਅਤੇ ਦੂਜਿਆਂ ਦੇ ਲਈ ਸਾਡੇ ਮਾਪ ਦੰਡ ਅਲਗ ਅਲਗ ਹਨ।

ਨੀਚ ਚਿੰਤਾ ਮਨ ਵਿਚ ਕਰਨਾ ਵੀ ਆਪਣੇ ਆਪ ਨੂੰ ਨੀਚ ਬਨਾਉਣਾ ਹੈ। ਇਹ ਵਿਸਫੋਟਕ ਸ਼ਕਤੀ ਰਖਕੇਂ ਘਟੀਆ ਅਤੇ ਮਿਨੀ ਸ਼ੇਰ ਬਣਨਾ ਹੈ।

ਪ੍ਰਕਿਰਤ ਰੂਪ ਵਿਚ ਜਦ ਅਸੀਂ ਨੀਚ ਘਿਰਣਾ ਕਰਦੇ ਹਾਂ ਤਾਂ ਸਾਡਾ ਆਪਣਾ ਆਪ, ਆਪਣੇ ਬੋਲ, ਗਤੀਆਂ, ਸ਼ਬਦ, ਅਪਣਾ ਘਟੀਆ ਰੂਪ, ਛੁਪ ਜਾਂਦਾ ਹੈ।

ਇਕ ਇਸਤਰੀ ਚਰਿਤਰਹੀਣ ਸੀ। ਜਿਵੇਂ ਲੋਕਾਂ ਨੂੰ ਪਤਾ ਚੱਲਿਆ ਉਹ ਡੰਡੇ, ਪੱਥਰ ਰੋੜੇ ਲੈਕੇ ਉਸਦੇ ਪਿਛੇ ਮਾਰਨ ਦੇ ਲਈ ਭੱਜੇ। ਕੁਝ ਦੂਰ ਇਕ ਰੁੱਖ ਦੇ ਥੱਲੇ ਈਸਾ ਮਸੀਹ ਦੇ ਪੈਰਾਂ ਚ ਉਹ ਡਿਗ ਪਈ ਅਤੇ ਆਪਣੀ ਰੱਖਿਆ ਦੇ ਲਈ ਪ੍ਰਾਰਥਨਾ ਕਰਨ ਲੱਗੀ। ਮਸੀਹ ਖੜੇ ਹੋ ਗਏ ਅਤੇ ਪਿਛੇ ਆਉਂਦੇ ਲੋਕਾਂ ਅੱਗੇ ਇਕ ਲਕੀਰ ਖਿੱਚ ਕੇ ਬੋਲੇ ਕਿ ਬੇਸ਼ੱਕ ਇਹ

ਇਸਤਰੀ ਦੋਸ਼ੀ ਹੈ ਅਤੇ ਪੱਥਰ ਮਾਰਨ ਦੇ ਕਾਬਲ ਹੈ। ਪਰ ਉਹੀ ਜਨ ਲਕੀਰ ਪਾਰ ਕਰਕੇ ਪੱਥਰ ਮਾਰਨ ਜਿਹੜੇ ਖੁਦ ਨਿਰਦੋਸ਼ ਹੋਣ ਤੇ ਉਨ੍ਹਾਂ ਕੋਈ ਵੀ ਪਾਪ ਕਦੀ ਨਾ ਕੀਤਾ ਹੋਵੇ। ਐਨਾ ਸੁਣ ਕੇ ਭੀੜ ਦਾ ਜੋਸ਼ ਠੰਢਾ ਹੋ ਗਿਆ। ਇਕ ਇਕ ਕਰਕੇ ਸਭ ਨੇ ਪੱਥਰ ਸਿਟ ਦਿੱਤੇ ਤੇ ਆਪੋ ਆਪਣੇ ਰਾਹ ਚੱਲ ਪਏ। ਇਸਤਰੀ ਦੇ ਦੋਸ਼ ਤੋਂ ਹਟ ਉਨ੍ਹਾਂ ਦਾ ਧਿਆਨ ਆਪਣੇ ਦੋਸ਼ਾਂ ਵੱਲ ਚਲਾ ਗਿਆ। ਜਦ ਕਦੀ ਕਿਸੇ ਜਨ ਨੂੰ ਦੇਵ ਆਤਮਾ ਦੀ ਦੇਵ ਜੋਤੀ ਮਿਲਦੀ ਹੈ ਤਾਂ ਉਸਨੂੰ ਆਪਣਾ ਘ੍ਰਿਣਿਤ ਅਤੇ ਭੇੜੀਆ ਰੂਪ ਨਜ਼ਰ ਆਉਂਦਾ ਹੈ ਅਤੇ ਜਿਨ੍ਹਾਂ ਪ੍ਰਤੀ ਨੀਚ ਘਿਰਣਾ ਕੀਤੀ ਹੋਵੇ ਉਨ੍ਹਾਂ ਦੇ ਚਰਨਾਂ ਵਿਚ ਡਿਗਣ ਤੇ ਮਜ਼ਬੂਰ ਕਰਦੀ ਹੈ। ਇਕ ਇਸਤਰੀ ਨੂੰ ਆਪਣੀ ਘ੍ਰਿਣਿਤ ਤਸਵੀਰ ਸਭਾਂਵਾਂ ਵਿਚ ਨਜ਼ਰ ਆਈ ਉਹ ਫੁੱਟ ਫੁੱਟ ਕੇ ਰੋਣ ਲੱਗੀ ਅਤੇ ਦੱਸਿਆ ਕਿ ਉਸਦੇ ਪਤੀ ਨੂੰ ਇਕ ਵਾਰ ਉਸਦੀ ਮਾਂ ਦੁਆਰਾ ਕਟੁ ਸ਼ਬਦ ਕਹਿਣ ਉਪਰੰਤ ਉਹ ਆਪਣੀ ਮਾਂ ਨਾਲ 12 ਵਰ੍ਹੇ ਤੋਂ ਨਹੀਂ ਬੋਲੀ। ਉਸਨੇ ਆਪਣੀ ਹਾਲਤ ਲਈ ਗਹਿਰੇ ਦੁੱਖ ਅਤੇ ਸ਼ੋਕ ਦਾ ਪ੍ਰਕਾਸ਼ ਕੀਤਾ ਜੋ ਹਿਲਾ ਦੇਣ ਵਾਲਾ ਸੀ। ਫਿਰ ਉਸਨੇ ਪ੍ਰਣ ਕੀਤਾ ਕਿ ਉਹ ਪੱਤਰ ਲਿਖ ਕੇ ਇਸ ਸਬੰਧ ਨੂੰ ਛੇਤੀ ਬਿਹਤਰ ਕਰੇਗੀ।

ਇਕ ਜਨ ਗਰਮੀ ਵਿਚ ਸਟੋਰ ਵਿਚ ਜਾਕੇ ਆਪਣੀ ਪਗੜੀ ਲੱਭ ਰਹੇ ਸਨ। ਉਹ ਮਿਲ ਨਹੀਂ ਰਹੀ ਸੀ। ਪੇਟੀ ਪਿਛੇ ਡਿਗੀ ਹੋਈ ਸੀ, ਪੇਟੀ ਤੇ ਚੜ੍ਹ ਕੇ ਉਸਨੂੰ ਚੁਕਿਆ ਤੇ ਵਾਪਸ ਫਰਸ਼ ਤੇ ਛਾਲ ਮਾਰੀ, ਪੈਰ ਕਾਨਿਆ ਤੇ ਪੈਣ ਨਾਲ ਫਿਸਲ ਗਏ ਜਦ ਕਿ ਕਾਨੇ ਪਏ ਹੋਏ ਨਜ਼ਰ ਆ ਰਹੇ ਸਨ ਤਾਂ ਵੀ ਅੰਨੀ, ਧੂਰਤ ਪਾਗਲ ਪਤਨੀ ਨੂੰ ਠਹਿਰਾਇਆ। ਉਸਦਾ ਸੇਵਾਕਾਰੀ, ਹਿਤਕਾਰੀ ਰੂਪ ਭੁੱਲ ਗਏ। ਬਾਅਦ ਵਿਚ ਭਗਵਾਨ ਦੇਵਾਤਮਾ ਦੀ ਜੋਤੀ ਪ੍ਰਾਪਤ ਹੋਣ ਤੇ ਨਜ਼ਰ ਆਇਆ ਅਤੇ ਮੁਆਫੀ ਮੰਗਣ ਦੇ ਲਈ ਮਜ਼ਬੂਰ ਹੋਏ।

ਜਿਵੇਂ ਕੋਈ ਮਜ਼ਦੂਰ ਇਹ ਕਹੇ ਕਿ ਇੱਟਾਂ ਤਾਂ ਮੇਰੇ ਤੋਂ ਢੋ ਨਹੀਂ ਹੁੰਦੀਆਂ ਤਾਂ ਮਾਲਕ ਕਹੇਗਾ ਮੇਰੇ ਤੋਂ ਮਜ਼ਦੂਰੀ ਨਹੀਂ ਦਿੱਤੀ ਜਾਂਦੀ। ਇਸੇ ਤਰ੍ਹਾਂ ਜੇ ਅਸੀਂ ਨੀਚ ਗਤੀਆਂ ਅਤੇ ਨੀਚ ਘਿਰਣਾਵਾ ਕਰਕੇ ਮਾਫੀ ਨਹੀਂ ਮੰਗ ਸਕਦੇ ਤਾਂ ਨੇਚਰ ਵਿਚ ਕੋਈ ਨਿਯਮ ਨਹੀਂ ਕਿ ਤੁਸੀਂ ਉੱਚ ਜੀਵਨ ਪ੍ਰਾਪਤ ਕਰ ਸਕੋ।

ਸਾਡੇ ਅੰਦਰ ਸੁਖ ਪ੍ਰਧਾਨ ਹੈ। ਜਦੋਂ ਕਿਸੇ ਵਲੋਂ ਸੁਖ ਤੇ ਚੋਟ ਲਗਦੀ ਹੈ ਤਾਂ ਉਹ ਸ਼ਤਰੂ ਲੱਗਣ ਲਗਦਾ ਹੈ। ਗੁਰੂ ਦੀ ਇਹੀ ਸਿਖਿਆ ਹੈ ਕਿ ਤੁਹਾਡੀ ਕੋਈ ਕਿੰਨੀ ਵੀ ਹਾਨੀ ਕਰੇ ਉਸਦੀ ਬੁਰਾਈ ਚਾਹਣ ਤੋਂ ਬਚੋ। ਉਸਤੋਂ ਕਦੀ ਘਿਰਣਾ ਨਾਂ ਕਰੋ, ਕਿਉਂਕਿ ਘਿਰਣਾ ਨਾਲ ਸ਼ਰਧਾ, ਕ੍ਰਿਤੱਗਤਾ ਹਮਦਰਦੀ ਜਿਹੇ ਕੋਮਲ ਭਾਵ ਝੁਲਸ ਜਾਣਗੇ। ਨੀਚ ਘ੍ਰਿਣਾ ਤੰਦੂਰ ਦੀ ਅੱਗ ਸਮਾਨ ਹੈ ਅਤੇ ਇਸ ਤੋਂ ਸਾਨੂੰ ਆਪਣੀ ਚੰਗੀ ਪੂੰਜੀ ਨੂੰ ਬਚਾਉਣਾ ਹੈ। ਦੇਵ ਆਤਮਾ ਦੀ ਰੋਸ਼ਨੀ ਦੇ ਬਿਨਾਂ ਸਾਨੂੰ ਆਪਣਾ ਨੀਚ ਘ੍ਰਿਣਾਕਾਰੀ, ਘਮੰਡੀ ਮਹਾਂ ਕੋੜ੍ਹੀ ਰੂਪ ਨਜ਼ਰ ਨਹੀਂ ਆਉਂਦਾ। ਅਜਿਹੀ ਜੋਤੀ ਦੀ ਮਹਿਮਾ ਅਸੀਂ ਗਾ ਨਹੀਂ ਸਕਦੇ। ਇਸ ਜੋਤੀ ਨੂੰ ਪਾਕੇ ਪਤਨੀ ਨੂੰ ਫੀਮ ਦੇ ਕੇ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਪਤੀ ਪਾਸੋਂ ਆਪਣੀ ਪਤਨੀ ਦਾ ਜੀਵਨ ਚਰਿਤਰ ਸ਼ਰਧਾਪੂਰਵਕ ਲਿਖਵਾ ਦਿਤਾ ਅਤੇ ਪਸ਼ਚਾਤਾਪ ਦੇ ਹੰਝੂ ਬਹਾਏ। ਅਸੀਂ ਇਹ ਜਾਪ ਕਰੀਏ ਕਿ ਮੈਂ ਹਿੰਸਕ ਹਾਂ, ਭੇੜੀਆ ਹਾਂ, ਸ਼ੇਰ ਹਾਂ–ਮੈਨੂੰ ਰੋਸ਼ਨੀ ਮਿਲੇ ਅਤੇ ਆਪਣੀ ਪ੍ਰਕਿਰਤ ਅਵਸਥਾ ਦਿਖਾਈ ਦੇਵੇ।

ਬੀਰਬਲ ਤੋਂ ਜਦ ਅਕਬਰ ਨੇ ਪੁਛਿੱਆ ਕਿ ਅਗਰ ਆਪਣੀ ਦੋਹਾਂ ਦੀ ਦਾੜ੍ਹੀ ਨੂੰ ਅੱਗ ਲੱਗੀ ਹੋਵੇ ਪਹਿਲਾਂ ਕਿਸਦੀ ਦਾੜ੍ਹੀ ਦੀ ਅੱਗ ਬੁਝਾਏਗਾ? ਬੀਰਬਲ ਨੇ ਜਵਾਬ ਦਿਤਾ ਕਿ 'ਪਹਿਲਾਂ ਆਪਣੀ ਦਾੜ੍ਹੀ'–ਸੋ ਅਸੀਂ ਸਭ ਤੋਂ ਪਹਿਲਾਂ ਆਪਣੇ ਹਿਰਦੇ ਦੀ ਅੱਗ ਬੁਝਾਈਏ–ਦੇਵਆਤਮਾ ਦੀ ਰੋਸ਼ਨੀ ਵਿਚ ਸਭ ਤੋਂ ਵਧ ਕੇ ਆਪਣੇ ਹਿਰਦੇ ਨੂੰ ਦੇਖਣ ਦੀ ਜਰੂਰਤ ਹੈ।

ਉਦਘਾਟਨ

20 ਜਨਵਰੀ ਮੰਗਲਵਾਰ ਨੂੰ ਲੌਂਗੋਵਾਲ (ਸੰਗਰੂਰ) ਵਿਖੇ ਕਾਲੜਾ ਹਸਪਤਾਲ ਦਾ ਉਦਘਾਟਨ ਕੀਤਾ ਗਿਆ। ਇਹ ਹਸਪਤਾਲ ਪਿਆਰੇ ਸਾਥੀ ਸੇਵਕ ਸ਼੍ਰੀਮਾਨ ਡਾ. ਨਵਜੋਤ ਜੀ ਸਪੁੱਤਰ ਸ਼੍ਰੀਮਾਨ ਸੀਤਾ ਰਾਮ ਜੀ ਸੰਗਰੂਰ ਨੇ ਲੌਂਗੋਵਾਲ ਵਿਖੇ ਨਵਾਂ ਖੋਲਿਆ ਹੈ। ਇਸ ਸਭਾ ਦੇ ਕਰਵਾਉਣ ਦੇ ਲਈ ਸ਼੍ਰੀਮਾਨ ਬਲਦੇਵ ਸਿੰਘ ਜੀ 19 ਜਨਵਰੀ ਸ਼ਾਮ ਨੂੰ ਹੀ ਇੱਕ ਸਾਥੀ ਦੇ ਨਾਲ ਸੰਗਰੂਰ ਪੁੱਜ ਗਏ ਸਨ।ਅਗਲੀ ਸਵੇਰ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਵੀ ਕਲਿਆਣ ਤੋਂ ਸੰਗਰੂਰ ਪੁੱਜ ਗਏ। 11 ਵੱਜੇ ਤੋਂ ਪਹਿਲਾਂ ਸ਼੍ਰੀ ਸੀਤਾ ਰਾਮ ਜੀ ਤੇ ਉਨ੍ਹਾਂ ਦੇ ਭਾਈ ਸਾਹਿਬਾਨ, ਦਾਮਾਦ ਮੌਂਗੇ ਤੋਂ ਅਤੇ ਨਵਜੋਤ ਜੀ ਦੇ ਰਿਸ਼ਤੇਦਾਰ ਅਤੇ ਜਾਣਕਾਰ ਬਹੁਤ ਸਾਰੇ ਡਾਕਟਰ ਸਾਹਿਬਾਨ ਅਤੇ ਹੋਰ ਜਨ ਕਈ ਸੈਕੜਿਆਂ ਦੀ ਤਾਦਾਦ ਵਿੱਚ ਸੱਦੇ ਗਏ। ਲੋਕਲ ਸ਼ਹਿਰੀ ਸਮੇਂ ਤੇ ਪੁੱਜ ਗਏ ਸਨ। 11:15 ਵਜੇ ਸਭਾ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਗੁਰੂ ਮਹਾਰਾਜ ਜੀ ਦਾ ਛਵੀ ਦੁਆਰਾ ਅਰਚਨ ਕੀਤਾ ਗਿਆ। ਇਸ ਤੋਂ ਬਾਅਦ ਇਸ ਭਜਨ ਦਾ ਗਾਣ ਕੀਤਾ ਗਿਆ "ਹਮਾਰੇ ਪੁਜਨੀਅ ਸਤਿਗੁਰੂ"।

ਇਸ ਸਭਾ ਦੀ ਸਫਲਤਾ ਦੇ ਲਈ ਭਗਵਾਨ ਤੋਂ ਉਨ੍ਹਾਂ ਦੇ ਦੇਵ ਪ੍ਰਭਾਵਾਂ ਦੇ ਲਈ ਪ੍ਰਾਰਥਨਾ ਕੀਤੀ ਗਈ। ਇਸ ਤੋਂ ਬਾਅਦ ਇਕ ਭਜਨ ਦਾ ਗਾਣ ਕੀਤਾ ਗਿਆ। "ਸ਼ੁਭ ਆਕਾਂਗਸ਼ੀ ਸਕਲ ਹਮਾਰੇ"। ਇਸ ਸਭਾ ਦੇ ਸਭਾਪਤੀ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਸਨ। ਉਨ੍ਹਾਂ ਨੇ ਫਰਮਾਇਆ ਕਿ ਕਿਸ ਪ੍ਰਕਾਰ ਡਾ. ਨਵਜੋਤ ਜੀ ਚੰਗਾ ਸੁਭਾਉ ਰਖਦੇ ਹਨ, ਤੇ ਆਪ ਕਿਸ ਪ੍ਰਕਾਰ ਮੋਟੇ ਮੋਟੇ ਅੱਠ ਪ੍ਰਕਾਰ ਦੇ ਪਾਪਾਂ ਤੋਂ ਬਚੇ ਹੋਏ ਹਨ। ਸਾਡਾ ਮੁੱਖ ਲਖਸ਼ ਦੂਜਿਆਂ ਦੀ ਸੇਵਾ ਕਰਨਾ ਹੋਣਾ ਚਾਹੀਦਾ ਹੈ। ਦੋ ਪ੍ਰਕਾਰ ਦੇ ਕੰਮ ਨਾਲ ਦੂਜਿਆਂ ਦੀ ਜ਼ਿਆਦਾ ਸੇਵਾ ਹੋ ਸਕਦੀ ਹੈ। ਇੱਕ ਮਾਸਟਰ ਤੇ ਦੂਜਾ ਡਾਕਟਰ। ਦੁਨੀਆਂ ਉਨ੍ਹਾਂ ਨੂੰ ਯਾਦ ਕਰਦੀ ਹੈ ਜੋ ਦੂਜਿਆਂ ਵਾਸਤੇ ਜਿਉਂਦੇ ਹਨ। ਸਾਡਾ ਮੁੱਖ ਲਕਸ਼ ਪੈਸਾ ਕਮਾਉਣਾ ਨਹੀਂ ਹੋਣਾ ਚਾਹੀਦਾ। ਦੂਜਿਆਂ ਦੀ ਸੇਵਾ ਕਰਦਿਆਂ-ਕਰਦਿਆਂ ਪੈਸੇ ਦੀ ਵੀ ਕਮੀ ਨਹੀਂ ਰਹਿੰਦੀ। ਮੁੱਖ ਲਕਸ਼ ਨੂੰ ਹਮੇਸ਼ਾ ਯਾਦ ਰਖਣਾ ਚਾਹੀਦਾ ਹੈ। ਜਿਸ ਦੇ ਜੀਵਨ ਵਿੱਚ ਸੇਵਾ ਨਹੀਂ ਨਕਲਦੀ ਉਹ ਜੀਵਨ ਬੇਕਾਰ ਹੈ। ਗੁਰੂ ਮਹਾਰਾਜ ਜੀ ਨੇ ਫਰਮਾਇਆ ਹੈ "ਪਰਹਿੱਤ ਭਾਵ ਹਿਰਦੇ ਉਪਜਾਉ, ਧਰਮ ਮਾਰਗ ਕੀ ਦਿਗ ਤਬ ਜਾਉ"। ਸਾਨੂੰ ਉੱਚ ਭਾਵਾ ਨਾਲ ਦੂਜਿਆ ਦੇ ਕੰਮ ਆਉਣਾ ਚਾਹੀਦਾ ਹੈ। ਜਿਸ ਨਾਲ ਅਸੀਂ ਧਰਮ ਦੇ ਰਸਤੇ ਤੇ ਚੱਲ ਸਕਦੇ ਹਾਂ?

ਇਸ ਤੋਂ ਬਾਅਦ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਫਰਮਾਇਆ ਕਿ ਅਗਰ ਮਨੁੱਖ ਅਣਪੜ ਹੈ ਤਾਂ ਲਗਭਗ ਪਸ਼ੂਆਂ ਦੇ ਸਮਾਨ ਹੀ ਹੈ ਐਪਰ ਅਗਰ ਉਸ ਪਾਸ ਧਰਮ ਨਹੀਂ ਹੈ ਤਾਂ ਉਸਦਾ ਜੀਵਨ ਪਸ਼ੂਆਂ ਤੋਂ ਵੀ ਥੱਲੇ ਹੈ। ਕੋਈ ਪਸ਼ੂ ਨਸ਼ਾ ਕਰਦੇ ਹੋਏ ਤੁਸੀਂ ਨਹੀਂ ਦੇਖ ਸਕਦੇ। ਜੋ ਜਨ ਮਾਸਾਂਹਾਰੀ, ਹਨ ਉਹ ਸ਼ਾਕਾਹਾਰੀ ਪਸ਼ੂਆਂ ਤੋਂ ਵੀ ਘਟੀਆ ਜੀਵਨ ਰਖਦੇ ਹਨ। ਸਾਨੂੰ ਉੱਚ ਭਾਵ ਪੈਦਾ ਕਰਨ ਦੀ ਜਰੂਰਤ ਹੈ। ਜਿਸ ਨਾਲ ਸਾਡੇ ਜੀਵਨ ਵਿਚੋਂ ਦੁਜਿਆ ਦੇ ਲਈ ਸੇਵਾ ਨਿਕਲਦੀ ਹੈ। ਦੁਜਿਆਂ ਦਾ ਦੁੱਖ ਸਾਨੂੰ ਆਪਣਾ ਦੁੱਖ ਲਗਣਾ ਚਾਹੀਦਾ ਹੈ। ਸ਼੍ਰੀਮਾਨ ਸੀਤਾ ਰਾਮ ਜੀ ਦੇ ਬਾਰੇ ਬਿਆਨ ਕੀਤਾ ਗਿਆ ਕਿ ਕਿਸ ਪ੍ਰਕਾਰ ਆਪ ਪਾਕਿਸਤਾਨ ਤੋਂ ਉੱਜੜ ਪੁਜੜ ਕੇ ਆਏ ਸਨ। ਕਿਸ ਪ੍ਰਕਾਰ ਆਪ ਕੱਚਾ ਹੀ ਮਾਸ ਖਾ ਜਾਂਦੇ ਸਨ। ਕਿਸ ਪ੍ਰਕਾਰ ਨਸ਼ਿਆਂ ਦੀ ਕੈਦ ਵਿਚ ਫਸੇ ਹੋਏ ਸਨ। ਉਸ ਦਾ ਬਿਆਨ ਕੀਤਾ ਗਿਆ। ਹੁਣ ਗੁਰੂ ਮਹਾਰਾਜ ਦੀ ਕ੍ਰਿਪਾ ਦੁਆਰਾ ਕੀ ਜੀਵਨ ਦੇ ਲਿਹਾਜ ਨਾਲ, ਕੀ ਪੈਸੇ ਤੇ ਹੋਰ ਸਾਮਾਜਿਕ ਪਦਾਰਥਾਂ ਨਾਲ ਮਾਲੋਮਾਲ ਹਨ। ਆਪ ਜੀ ਦੇ ਜੀਵਨ ਵਿੱਚ ਗੁਰੂ ਮਹਾਰਾਜ ਦੀ ਕਿਰਪਾ ਦੁਆਰਾ ਵਿਸ਼ੇਸ਼ ਪਰਿਵਰਤਨ ਆਇਆ ਹੈ। ਗੁਰੂ ਮਹਾਰਾਜ ਨੀਚ ਜੀਵਨ ਮਿਟਾ ਕੇ ਤੇ ਦੁਜਿਆਂ ਦੀ ਸੇਵਾ ਵਿੱਚ ਲਗਾ ਕੇ ਧਰਮ ਦੇ ਰਸਤੇ ਤੇ ਪਾਉਂਦੇ ਹਨ। ਇਸ ਤੋਂ ਬਾਅਦ ਚਾਰ ਵਾਰ ਜੈ ਧੁਨੀ ਕਰਕੇ ਇਹ ਸਭਾ ਸਮਾਪਤ ਕੀਤੀ ਗਈ। ਇਸ ਤੋਂ ਬਾਅਦ ਇੱਕ ਜਨ ਨੇ ਆਪਣੀ ਖੁਸ਼ੀ ਦਾ ਪ੍ਰਕਾਸ਼ ਕੀਤਾ ਕਿ ਮੈਨੂੰ ਇਸ ਹਸਪਤਾਲ ਦੇ ਬਣਨ ਦੀ ਬੜੀ ਖੁਸ਼ੀ ਹੈ। ਮੈਂ ਇਸ ਨਗਰ ਦਾ ਸਾਂਝਾ ਜਿਹਾ ਆਦਮੀ ਹਾਂ ਤੇ ਅਸੀਂ ਹਰ ਤਰ੍ਹਾਂ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਾਂਗੇ ਤੇ ਜਿਆਦਾ ਤੋਂ ਜਿਆਦਾ ਮਰੀਜਾ ਨੂੰ ਵੀ ਲੈਕੇ ਆਵਾਂਗੇ। ਸਾਨੂੰ ਹੁਣ ਇਲਾਜ ਲਈ ਬਾਹਰ ਨਹੀਂ ਜਾਣਾ ਪਵੇਗਾ। ਇਸ ਤੋਂ ਬਾਅਦ ਆਏ ਸਬ ਸਾਹਿਬਾਨਾਂ ਨੂੰ ਮਿਠਾਈ ਦੁਆਰਾ ਚੰਗਾ ਖਾਣ ਪਾਣ ਕਰਵਾਇਆ ਗਿਆ ਤੇ ਸਾਰਿਆ ਨੂੰ ਜਾਂਦੀ ਵਾਰ ਲੱਡੂਆ ਦੇ ਪੈਕੇਟ ਦਿੱਤੇ ਗਏ। ਇਸ ਪਰਿਵਾਰ ਤੋਂ 1200/- ਰੁਪਏ ਦਾਨ ਮਿਲੇ।

(ਇਕ ਸੇਵਕ)

Regd. Postal No.Pb (0049s) 2003
Regd. with Registrar News Paper No. 72258/88

ਪਾਠ ਅਤੇ ਵਿਚਾਰ ਸਬੰਧੀ ਸਾਲਾਨਾਂ ਸਾਧਨਾਂ ਦੀ ਤਾਲਿਕਾ

ਸ.	ਸਾਲਾਨਾਂ ਸਾਧਨਾਂ ਦਾ ਵਿਸ਼ੇ	ਸੰਵਤ 2060-2061 ਵਿਕਰਮੀ (ਸਨ -2004 ਈਸਵੀ) ਸਾਧਨਾਂ ਦਾ ਵਿਸ਼ੇਸ਼ ਦਿਨ
1	ਮਾਤਾ ਪਿਤਾ ਅਤੇ ਸੰਤਾਨ ਦੇ ਸੰਬੰਧ ਵਿਚ	11 ਜਨਵਰੀ, ਐਤਵਾਰ
2	ਭਾਈ-ਭੈਣ ਦੇ ਸੰਬੰਧ ਵਿਚ	26 ਜਨਵਰੀ, ਸੋਮਵਾਰ
3	ਦੇਵ ਧਰਮ ਦੇ ਸਬੰਧ ਵਿਚ	14,15 ਫਰਵਰੀ ਸ਼ਨੀਵਾਰ, ਐਤਵਾਰ
4	ਪਤੀ ਪਤਨੀ ਦੇ ਸੰਬੰਧ ਵਿਚ	6 ਮਾਰਚ ਐਤਵਾਰ
5	ਵਨਸਪਤੀ ਜਗਤ ਦੇ ਸੰਬੰਧ ਵਿਚ	21 ਮਾਰਚ ਐਤਵਾਰ
6	ਨੌਕਰ ਮਾਲਿਕ ਦੇ ਸਬੰਧ ਵਿਚ	6 ਅਪ੍ਰੈਲ ਮੰਗਲਵਾਰ
7	ਵੰਸ਼ੀਯ ਜਨਾਂ ਦੇ ਸੰਬੰਧ ਵਿਚ	3 ਮਈ ਸੋਮਵਾਰ
8	ਸਵਦੇਸ਼ ਦੇ ਸੰਬੰਧ ਵਿਚ	30 ਮਈ ਐਤਵਾਰ
9	ਸਾਥੀ ਸੇਵਕਾਂ ਦੇ ਸਬੰਧ ਵਿਚ	1,2 ਜੁਲਾਈ ਵੀਰਵਾਰ, ਸ਼ੁਕਰਵਾਰ
10	ਸਵੈਅਸਤਿਤਵ ਦੇ ਸੰਬੰਧ ਵਿਚ	29,30 ਅਗਸਤ ਐਤਵਾਰ, ਸੋਮਵਾਰ
11	ਪਸ਼ੂ ਜਗਤ ਦੇ ਸੰਬੰਧ ਵਿਚ	22 ਸਤੰਬਰ ਬੁੱਧਵਾਰ
12	ਪਰਲੋਕ ਦੇ ਸਬੰਧ ਵਿੱਚ	14 ਅਕਤੂਬਰ ਵੀਰਵਾਰ
13	ਸਵੈਜਾਤੀ ਦੇ ਸਬੰਧ ਵਿਚ	23 ਅਕਤੂਬਰ ਸ਼ਨੀਵਾਰ
14	ਭੌਤਿਕ ਜਗਤ ਦੇ ਸੰਬੰਧ ਵਿਚ	12 ਨਵੰਬਰ ਸ਼ੁਕਰਵਾਰ
15	ਮਨੁਖ-ਮਾਤਰ ਦੇ ਸਬੰਧ ਵਿਚ	26 ਨਵੰਬਰ, ਸ਼ੁਕਰਵਾਰ
16	ਪਰਮ ਪੂਜਨੀਯ ਭਗਵਾਨ ਦੇਵ ਆਤਮਾ ਦੇ ਸੰਬੰਧ ਵਿਚ	25, 26, 27, 28 ਸ਼ਨੀਵਾਰ, ਐਤਵਾਰ, ਸੋਮਵਾਰ, ਮੰਗਲਵਾਰ, ਵਿਸ਼ੇਸ਼ ਦਿਨ 27 ਦਸੰਬਰ ਸੋਮਵਾਰ ਆਰੰਭਕ ਦਿਨ 27 ਨਵੰਬਰ ਸ਼ਨੀਵਾਰ

Printer, Publisher & Owned By Shriman Baldev Singh, ਮੰਤਰੀ-ਦੇਵ-ਧਰਮ-ਮਿਸ਼ਨ ਨੇ

***Surya Laser Den,* # 68, Shop No. 3, Badheri, Sec. 41-D, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।**

Book Post